*ਸੰਪਾਦਕੀ*

# ਸੁਫ਼ਨੇ ਬਨਾਮ ਆਰਥਿਕ ਮੰਦਹਾਲੀ

ਪੰਜਾਬ ਦੇ ਕਈ ਪਿੰਡਾਂ ਵਿੱਚ ਰਹਿ ਰਹੇ ਵੱਡੀ ਗਿਣਤੀ ਵਿੱਚ ਅਜਿਹੇ ਨੌਜਵਾਨ ਹਨ, ਜੋ ਸਰਕਾਰੀ ਸਕੂਲਾਂ ਦੀ ਉਪਜ ਹਨ। ਵਿਦਿਆ ਦੇ ਖੇਤਰ ਵਿੱਚ ਮਾਣਮੱਤੀਆਂ ਮੱਲਾਂ ਮਾਰ ਰਹੇ ਹਨ, ਨਵੇਂ ਇਤਿਹਾਸ ਸਿਰਜ ਰਹੇ ਹਨ। ਕੁਦਰਤੀ ਤੌਰ 'ਤੇ ਉਹ ਸਿਰਜੇ ਗਏ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਸਿਰ ਧੜ ਦੀ ਬਾਜੀ ਲਾ ਦਿੰਦੇ ਹਨ। ਪਰ...ਆਰਥਿਕ ਮੰਦਹਾਲੀ ਰਸਤੇ ਦੀ ਵੱਡੀ ਰੁਕਾਵਟ ਬਨਦੀ ਹੈ। ਜਿੱਥੇ ਪਰਿਵਾਰ ਕਰਜ਼ੇ ਦੇ ਮੱਕੜ ਜਾਲ 'ਚੋਂ ਨਿਕਲਣ ਲਈ ਹੱਥ ਪੈਰ ਤਾਂ ਮਾਰਦੇ ਹਨ ਪਰ ਪੱਲੇ ਬੇਬਸੀ ਹੀ ਪੈਂਦੀ ਹੈ। ਅਜਿਹੇ ਲੋਕ ਮੰਤਰੀਆਂ/ਸੰਤਰੀਆਂ ਮੂਹਰੇ ਹੱਥ ਪੈਰ ਜੋੜਦੇ ਹਨ ਕਿ ਉਹਨਾਂ ਦੇ ਬੱਚਿਆਂ ਲਈ ਮੁਫ਼ਤ ਵਿੱਦਿਆ ਜਾਂ ਸਸਤੀ ਵਿਦਿਆ ਮੁਹੱਈਆ ਕਰਵਾਈ ਜਾਵੇ। ਸਰਕਾਰਾਂ ਨੇ ਆਪਣੇ ਸਿਰੋਂ ਜ਼ਿੰਮੇਵਾਰੀ ਲਾਹ ਕੇ ਨਿੱਜੀ ਹੱਥਾਂ ਵਿੱਚ ਸੌਂਪ ਦਿੱਤੀ ਹੈ। ਸਿੱਖਿਆ ਦਾ ਹਰੇਕ ਖੇਤਰ ਵਿੱਚ ਵਪਾਰੀਕਰਨ ਹੋ ਚੁੱਕਾ ਹੈ। ਸਰਕਾਰਾਂ ਜਾ ਤਾਂ ਧਾਰਮਿਕ/ਸਮਾਜਿਕ ਖੇਤਰ ਨਾਲ ਸਬੰਧਕ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਦੀਆਂ ਹਨ ਜਾਂ ਰਾਜਸੀ ਕਾਨਫਰੰਸਾਂ ਦਾ ਮੇਲਾ ਲਾ ਕੇ ਲੋਕਾਂ ਦਾ ਧਨ ਪਾਣੀ ਵਾਂਗ ਵਹਾਉਂਦੀਆਂ ਹਨ।

ਪੰਜਾਬੀ ਟ੍ਰਿਬਿਊਨ ਦੇ ਨਾਮਵਰ ਪੱਤਰਕਾਰ ਚਰਨਜੀਤ ਭੁੱਲਰ ਨੇ ਪੜ੍ਹਾਈ 'ਚ ਵੱਡੀਆਂ ਸਫ਼ਲਤਾਵਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਤਰਸਯੋਗ ਆਰਥਿਕ ਹਾਲਤ ਬਿਆਨ ਕੀਤੀ ਹੈ।



"ਬਠਿੰਡਾ ਜ਼ਿਲ੍ਹੇ ਦੇ ਪਿੰਡ ਭੂਲੇਵਾਲ ਦੀ ਪ੍ਰਭਜੋਤ ਕੌਰ ਲਈ ਮੰਜ਼ਿਲ ਹਾਲੇ ਦੂਰ ਹੈ। ਉਚੇਰੀ ਪੜ੍ਹਾਈ ਲਈ ਖੇਤਾਂ ਵਿੱਚ ਝੋਨਾ ਲਗਾ ਰਹੀ ਹੈ। ਬਾਰ੍ਹਵੀਂ ਜਮਾਤ ਵਿੱਚ 93ਫੀਸਦੀ ਅੰਕ ਪ੍ਰਾਪਤ ਕਰਨ ਵਾਲੀ ਇਹ ਲੜਕੀ ਆਈ.ਆਈ.ਟੀ 'ਚ ਦਾਖਲੇ ਲਈ ਕੌਂਸਲਿੰਗ ਦੀ 15 ਹਜ਼ਾਰ ਦੀ ਫੀਸ ਨੂੰ ਕਿਸੇ ਪ੍ਰੀਖਿਆ ਤੋਂ ਘੱਟ ਨਹੀਂ ਸਮਝਦੀ। ਪੰਜਾਬ ਦੇ ਮੈਰੋਟੋਰੀਅਸ ਸਕੂਲਾਂ ਦੇ 19 ਬੱਚਿਆਂ ਨੇ ਜੇ



ਈ.ਈ. ਐਡਵਾਂਸਡ ਦੀ ਪ੍ਰੀਖਿਆ 'ਚ ਮੱਲ ਮਾਰੀ ਹੈ ਪਰ ਇਹਨਾਂ ਬੱਚਿਆਂ ਦਾ ਸਿਰਨਾਵਾਂ ਕੰਮੀਆਂ ਦਾ ਵਿਹੜਾ ਹੀ ਹੈ।" ਉਚੇਰੀ ਵਿੱਦਿਆ ਦੇ ਵਿੰਭਿਨ ਖੇਤਰਾਂ ਵਿੱਚ ਗਰੀਬੀ ਦੀ ਮਾਰ ਹੇਠ ਆਏ ਪਰਿਵਾਰ ਵਿਭਿੰਨ ਕੋਰਸਾਂ ਦਾ ਖਰਚਾ ਕਰਨ ਦੇ ਸਮਰੱਥ ਹੀ ਨਹੀਂ ਹਨ, ਫਿਰ ਪੁਸਤਕਾਂ ਅਤੇ ਹੋਰ ਸਾਜੋ ਸਮਾਨ ਦੀ ਖਰੀਦ ਕਰਨ ਅਤੇ ਹੋਸਟਲ ਵਿੱਚ ਰਹਿਣ ਬਾਰੇ ਸੋਚਣਾ ਤਾਂ ਮਾਊਂਟ ਐਵਰੈਸਟ 'ਤੇ ਝੰਡਾ ਝੁਲਾਉਣ ਦੇ ਤੁੱਲ ਹੈ। ਅਜਿਹੀ ਸਥਿਤੀ ਨਾਲ ਨਿਪਟਣ ਲਈ ਸਰਕਾਰ ਲੋੜੀਂਦੀ ਰਕਮ ਰੱਖੇ। ਹੁਣੇ ਪੰਜਾਬ ਸਰਕਾਰ ਨੇ ਹੜ੍ਹ ਸੁਰੱਖਿਆ ਪ੍ਰਬੰਧਾਂ ਲਈ 120 ਕਰੋੜ ਰੁਪਏ ਜਾਰੀ ਕੀਤੇ ਹਨ। ਭਾਵੇਂ ਇਹ ਅਲੱਗ ਵਿਸ਼ਾ ਹੈ ਕਿ ਕੀ ਇਹ ਰਕਮ ਠੀਕ ਥਾਂ ਲੇਖੇ ਲੱਗ ਜਾਵੇਗੀ? ਸਰਕਾਰ ਚਾਹੇ ਤਾਂ ਆਰਥਿਕ ਮੰਦਹਾਲੀ ਦੇ ਝੰਬੇ ਹੋਏ ਪਰਿਵਾਰਾਂ ਦੇ ਲਾਇਕ ਵਿਦਿਆਰਥੀਆਂ ਲਈ ਵੀ ਵਾਜਬ ਰਕਮ ਰੱਖ ਸਕਦੀ ਹੈ। ਪਹਿਲਾਂ ਹੀ ਵਿਭਿੰਨ ਦੇਸ਼ਾਂ ਵਿੱਚ ਇਥੋਂ 'ਬਰੇਨ ਡਰੇਨ' ਹੋ ਚੁੱਕਾ ਹੈ। ਜ਼ਮੀਨੀ ਹਕੀਕਤ ਮੁਤਾਬਿਕ ਠੋਸ ਕਦਮ ਚੁੱਕਿਆਂ ਹੀ ਪੰਜਾਬ ਦੀ ਨੌਜਵਾਨੀ ਲਈ ਆਸ ਦੀ ਕਿਰਨ ਬੱਝ ਸਕਦੀ ਹੈ।

**-ਪ੍ਰੋ. ਸਤਵਿੰਦਰ ਬੇਗੋਵਾਲੀਆ**
**ਸੰਪਰਕ 98154-65620**

◆◆◆

*ਲਘੂ ਨਾਟਕ*

# ਗ੍ਰਹਿਸਤ ਦਾ ਗੱਡਾ

**ਪ੍ਰੋ. ਸਤਵਿੰਦਰ ਬੇਗੋਵਾਲੀਆ**

ਬਿੱਟੂ : ਇੱਕ ਵਿਦਿਆਰਥੀ, ਉਮਰ 20 ਸਾਲ
ਬੱਗਾ ਸਿੰਘ : ਬਿੱਟੂ ਦਾ ਪਿਤਾ, 52 ਸਾਲ :
ਨਿੰਦਰ ਕੌਰ : ਬੱਗਾ ਸਿੰਘ ਦੀ ਪਤਨੀ, 50 ਸਾਲ
ਬਾਪੂ : ਬੱਗਾ ਸਿੰਘ ਦਾ ਪਿਤਾ, ਲਗਭਗ 80 ਸਾਲ
ਨੇਤਾ
ਸਕੱਤਰ
ਨੌਕਰ
ਹਸਪਤਾਲ 'ਚ ਸੇਵਾਦਾਰ
ਡਾਕਟਰ
ਬੱਗਾ ਸਿੰਘ ਦਾ ਜਵਾਈ
ਸਿਆਣਾ

## ਗ੍ਰਹਿਸਤ ਦਾ ਗੱਡਾ

### ਦ੍ਰਿਸ਼ ਇੱਕ

(ਬੱਗਾ ਸਿੰਘ ਦਾ ਪੁੱਤਰ ਬਿੱਟੂ ਹਰਮੋਨੀਅਮ ਤੇ ਗੀਤ ਗਾਉਣ ਦਾ ਅਭਿਆਸ ਕਰ ਰਿਹਾ ਹੈ)

ਬਿੱਟੂ : (ਗਾਉਂਦਾ ਹੋਇਆ) ਮੈਨੂੰ ਮੁੰਦਰੀ ਦੇ ਜਾ ਮਾਹੀਆ ਵੇ, ਮਾਹੀਆ ਵੇ ਢੋਲ ਸਿਪਾਹੀਆ ਵੇ। ਮੈਨੂੰ ਮੁੰਦਰੀ...

ਨਿੰਦਰ ਕੌਰ : ਪੁੱਤਰ, ਰੰਗ ਨਹੀਂ ਬੱਝਦਾ ਪਿਆ ਅੱਜ ਤੇਰੇ ਗੌਣ ਵਿੱਚ। ਤੇਰਾ ਚਿੱਤ ਨਹੀਂ ਕਰਦਾ ਗੌਣ ਤੇ ?

ਬਿੱਟੂ : ਕਿਉਂ ਨਹੀਂ ਕਰਦਾ ਮੰਮੀ। ਮੈਂ ਤਾਂ ਹਰ ਸਮੇਂ ਗਾਉਣ 'ਚ ਮਸਤ ਰਹਿੰਦਾਂ।

ਨਿੰਦਰ ਕੌਰ : ਫਿਰ ਤੇਰੀ ਵਾਜ ਨੂੰ ਕੀਹਦੀ ਨਜ਼ਰ ਲੱਗ ਗਈ ?

ਬੱਗਾ ਸਿੰਘ : ਮੰਗਿਆਈ ਦੀ।

ਨਿੰਦਰ ਕੌਰ : ਮੰਗਿਆਈ ਦੀ ?

ਬੱਗਾ ਸਿੰਘ : ਰਾਤ ਰੱਜ ਕੇ ਰੋਟੀ ਨਾ ਮਿਲੀ ਖਾਣ ਨੂੰ ਵਿਚਾਰੇ ਨੂੰ।

ਨਿੰਦਰ ਕੌਰ : ਡਰੰਮੀ ਚੋਂ ਆਟਾ ਈ ਮੁੱਕ ਗਿਆ ਏ, ਅੱਜ ਆਟੇ ਦਾ ਕਰੋ ਕੋਈ ਪ੍ਰਬੰਧ

ਬੱਗਾ ਸਿੰਘ : (ਡੂੰਘਾ ਸਾਹ ਲੈ ਕੇ) ਉਹ ਤਾਂ ਕਰਾਂਗੇ ਹੀ। ਭਾਨੇ ਸ਼ਾਹ



ਕੋਲ ਜਾ ਕੇ ਤਰਲਾ ਮਾਰਦੇ ਆਂ- ਬਈ ਕਵਿੰਟਲ ਕਣਕ ਦੇ ਦੇ ਉਧਾਰ

ਨਿੰਦਰ ਕੌਰ : ਅਗਲਾ ਕਵਿੰਟਲ ਦੀ ਥਾਂ ਡੇਢ ਕਵਿੰਟਲ ਧਰਾਏਗਾ ਫਸਲ ਆਉਣ ਤੇ।

ਬੱਗਾ ਸਿੰਘ : ਲੋੜ ਵੀ ਤਾਂ ਉਹਨੇ ਈ ਪੂਰੀ ਕਰਨੀ ਏ। ਬਿੱਟੂ ਰੱਜ ਕੇ ਰੋਟੀ ਖਾਏਗਾ, ਤਾਂ ਹੀ ਗਾਏਗਾ। ਖਾਲੀ ਪੇਟ ਖੜਕੌਣ ਨਾਲ ਫਸਟ ਕਿਵੇਂ ਆਏਗਾ।

ਬਿੱਟੂ : ਡੈਡੀ, ਦੁੱਧ ਮਿਲ ਸਕਦੈ ਗਲਾਸੀ ਕੁ ?

ਬੱਗਾ ਸਿੰਘ : (ਉਦਾਸੀ ਵਿੱਚ) ਦੁੱਧ ? ਉਹ ਵੀ ਵਕਤ ਸੀ ਜਦ ਬੂਰੀਆਂ ਚੁੰਘਦੇ ਸੀ, ਲੱਸੀ ਦੇ ਛੰਨੇ ਭਰ ਭਰ ਪੀਂਦੇ ਸੀ। ਰੱਬਾ! ਅੱਜ ਮੁੰਡੇ ਨੇ ਗਲਾਸੀ ਦੁੱਧ ਮੰਗਿਆ ਏ, ਇਹ ਵੀ ਟੀਸੀ ਦਾ ਬੇਰ ਤੋੜਣ ਵਾਲੀ ਹਾਲਤ ਬਣੀ ਏ।

ਪਿਛੋਂ ਗੀਤ : ਭੁੱਖੇ ਪੇਟ ਸੁੱਤੇ ਧਰਤੀ ਤੇ, ਕਰਦੇ ਹਾਏ ਹਾਏ। ਰੋਟੀ ਕਦੇ ਨਾ ਮਿਲੀ ਰੱਜ ਕੇ, ਕਿੰਨੇ ਹੱਥ ਅਜਮਾਏ। ਸੌ ਸੌ ਪਾਪੜ ਵੇਲੇ ਫਿਰ ਵੀ, ਭੁੱਖੇ ਪੇਟ ਖੜਕਾਏ। ਮਹਿੰਗਾਈ ਦੀ ਮਾਰ ਹੇਠ, ਆਏ ਧਰਤੀ ਦੇ ਜਾਏ।

ਨਿੰਦਰ ਕੌਰ : ਸੋਚੀਂ ਪੈ ਗਏ ? ਮੁੰਡੇ ਨੇ ਘੁੱਟ ਦੁੱਧ ਮੰਗਿਐ, ਗੁਆਂਢੀਆਂ ਕੋਲੋਂ ਲੈ ਆਉ। ਗੁਆਂਢੀ ਇੰਨੇ ਤਾਂ ਨਹੀਂ ਮਾੜੇ ਕਿ ਗਲਾਸੀ ਦੁੱਧ ਵੀ ਨਾ ਦੇਣਗੇ (ਬੱਗਾ ਸਿੰਘ ਅੰਦਰ ਜਾਂਦਾ ਹੈ) ਕਿਧਰ ਗਿਐਂ ? (ਬੱਗਾ ਸਿੰਘ ਦੇ ਹੱਥ ਵਿੱਚ ਬਾਲਟੀ ਫੜੀ ਵੇਖ ਕੇ) ਬਾਲਟੀ ਐਂ ਫੜੀ ਏ ਜਿਵੇਂ ਕੁੰਢੇ ਸਿੰਗਾਂ ਵਾਲੀ ਮੱਝ ਡਿੰਗਦੀ ਪਈ ਏ ਧਾਰ ਕੱਢ ਲਉ।

ਬੱਗਾ ਸਿੰਘ : ਕੰਢੇ ਸਿੰਗਾਂ ਵਾਲੀ ਮੱਝ ਕਦੇ ਕਦੇ ਸੁਫ਼ਨੇ 'ਚ ਆਉਂਦੀ ਏ। ਦੁੱਧ ਦਾ ਬਾਲਟਾ ਭਰ ਜਾਂਦਾ ਸੀ। ਪਰ ਹੁਣ ਮੱਝ ਮੁੱਲ ਲੈਣੀ.... ਓਹੋ....ਸੁਫ਼ਨਾ ਈ ਬਣ ਗਈ ਕੁੰਢੀ ਮੱਝ .... ਪਰ ਅੱਜ ਜੋ ਮਰਜੀ ਕਰਾਂ, ਦੁੱਧ ਦਾ ਦਰਿਆ ਵਹਾ ਦਿਆਂਗਾ।

(ਬੱਗਾ ਸਿੰਘ ਤੇਜ਼ ਤੇਜ਼ ਕਦਮੀਂ ਚਲੇ ਜਾਂਦਾ ਹੈ)

ਨਿੰਦਰ ਕੌਰ : ਪਤਾ ਨਹੀਂ ਕਿਧਰ ਗਿਐ ? ਪੁੱਤਰ ਬਿੱਟੂ, ਤੂੰ ਗਾ। ਰੱਬ ਭਲੀ ਕਰੇ, ਫਸਟ ਆਏਗਾ, ਲਿਸ਼ਕਦੀਂ ਟਰਾਫੀ ਲਿਆਏਗਾ, ਮਾਂ ਦੇ ਪੈਰ ਨਹੀਂ ਲਗਣੇ ਜ਼ਮੀਨ ਤੇ। ਗਾ, ਬੇਟੇ ਗਾ।

ਬਿੱਟੂ : (ਗਾਉਂਦਾ ਹੋਇਆ) ਇਹ ਮੇਰੀ ਮੁੰਦਰੀ ਹੱਟੀਆਂ ਕੱਟੀਆਂ,

ਲੰਮੀ ਵੱਟ ਤੇ ਜਾਂਦੀਆਂ ਜੱਟੀਆਂ। ਸਿਰਾਂ ਤੇ ਗਾਗਰ ਢਾਹੀਆ ਵੇ, ਮੈਨੂੰ ਮੁੰਦਰੀ ਦੇ ਜਾ... (ਰੁੱਕ ਜਾਂਦਾ ਹੈ)

ਨਿੰਦਰ ਕੌਰ : ਰੁੱਕ ਗਿਐਂ ?

ਬਿੱਟੂ : ਗਾਉਣ ਨਹੀਂ ਹੁੰਦਾ। ਭੁੱਖੇ ਪੇਟ.... (ਬੱਗਾ ਸਿੰਘ ਆਉਂਦਾ ਹੈ)

ਨਿੰਦਰ ਕੌਰ : ਲੈ ਆਏ ਦੁੱਧ ?

ਬੱਗਾ ਸਿੰਘ : ਬਿੱਟੂ ਬੇਟੇ, ਰੱਜ ਕੇ ਪੀ। ਖੁੱਲ ਕੇ ਗਾ, ਧੂੜਾਂ ਪੁੱਟ ਦੇ। ਰਿਕਾਰਡ ਤੋੜ ਦੇ ਅਗਲੇ ਪਿਛਲੇ...

ਨਿੰਦਰ ਕੌਰ : ਦੁੱਧ ਕਿਥੋਂ ਲਿਆਂਦਾ ਏ ?

ਬੱਗਾ ਸਿੰਘ : ਪੁੱਛ ਨਾ, ਤੂੰ ਦੁੱਧ ਪੀ। ਗਿਆ ਸੀ ਉਸ ਹਵੇਲੀ 'ਚ ਜਿਹਦੇ ਮਾਲਕ ਅੱਠ ਵਜੇ ਬਿਸਤਰੇ ਵਿੱਚੋਂ ਬਾਹਰ ਨਿਕਲਦੇ ਨੇ। ਦੋ ਮਿੰਟਾਂ 'ਚ ਧਾਰ ਕੱਢ ਲਿਆਇਆਂ।

ਨਿੰਦਰ ਕੌਰ : ਜੇ ਉਹਨਾਂ ਨੂੰ ਪਤਾ ਲੱਗ ਗਿਆ ਤਾਂ ?

ਬੱਗਾ ਸਿੰਘ : ਆਉਂਦੀ ਵਾਰ ਕੱਟਾ ਖੋਹਲ ਆਇਆਂ। ਕੁੱਟਣਗੇ ਤਾਂ ਕੱਟੇ ਨੂੰ ਹੀ। ਫੜ੍ਹ ਬਾਲਟੀ ਤੇ ਰੱਖ ਰਸੋਈ 'ਚ। ਰਸੋਈ ਦੀ ਵੀ ਅੱਜ ਟੋਹਰ ਬਣ ਜੇਗੀ।

ਨਿੰਦਰ ਕੌਰ : ਪਰ ਆਹ ਕੰਮ ਚੰਗਾ ਨਹੀਂ ਕੀਤਾ। ਲੋਕ ਸਵੇਰੇ ਸਵੇਰੇ ਪਾਠ ਕਰਦੇ ਨੇ, ਤੁਸੀਂ ਕਿਹੜਾ ਕੰਮ ਕਰ ਆਏ।

ਬੱਗਾ ਸਿੰਘ : ਜੋ ਕੀਤੈ, ਸੋਚ ਸਮਝ ਕੇ ਠੀਕ ਕੀਤੈ।

ਨਿੰਦਰ ਕੌਰ : ਅਗਲੇ ਸੌ ਬਦਦੁਆਵਾਂ ਦੇਣਗੇ ਸਵੇਰੇ ਸਵੇਰੇ। ਮੇਰਾ ਚੰਦਰਾ ਸਿਰ ਤਾਂ ਪਹਿਲਾਂ ਈ ਘੁੰਮੀ ਜਾਂਦੈ।

ਬੱਗਾ ਸਿੰਘ : ਪਹਿਲਾਂ ਜਦ ਉਹ ਹਵੇਲੀ ਵਾਲੇ ਸਾਡੀਆਂ ਮੱਝਾਂ ਦੀਆਂ ਚੋਰੀ ਧਾਰਾਂ ਕੱਢ ਲੈਂਦੇ ਸੀ, ਕੋਈ ਬਦ ਦੁਆ ਨਾ ਲੱਗੀ ਉਹਨਾਂ ਨੂੰ। ਅੱਜ ਪਏ ਚੋਰਾਂ ਨੂੰ ਮੋਰ। ਤੂੰ ਚਾਹ ਬਣਾ ਦੇ ਮਿੰਟੋ ਮਿੰਟੀ।

ਨਿੰਦਰ ਕੌਰ : ਕਾਹਦੇ ਨਾਲ ਬਣਾਵਾਂ ? ਪੱਤੀ ਮੁੱਕੀ ਪਈ ਏ।

ਬੱਗਾ ਸਿੰਘ : ਓਹੋ ਸਰੀਰ ਟੁੱਟਦਾ ਪਿਐ। ਚਾਹ ਦੀਆਂ ਚਾਰ ਚੁਸਕੀਆਂ ਭਰ ਲੈਂਦੇ ਤਾਂ ਹੱਡ ਜਰਾ ਗਰਮ ਹੋ ਜਾਂਦੇ। ਡੱਬਾ ਵੇਖ, ਸ਼ੈਦ ਝਾੜ ਝੂੜ ਕੇ ਚਮਚਾ ਨਿਕਲ ਈ ਆਵੇ।

ਨਿੰਦਰ ਕੌਰ : ਪੱਤੀ ਵਾਲਾ ਡੱਬਾ ਤਾਂ ਰਾਤ ਦਾ ਈ ਸਾਫ ਹੋਇਆ ਪਿਐ।

ਬੱਗਾ ਸਿੰਘ : ਵੇਖ ਲਾਗੇ ਕਿਸੇ ਅਖੰਡ ਪਾਠ ਤਾਂ ਨਹੀਂ ਰੱਖਿਆ ?

ਨਿੰਦਰ ਕੌਰ : ਅੱਜ ਅਖੰਡ ਪਾਠ ਦਾ ਬੜਾ ਖਿਆਲ ਆਇਐ ?



ਬੱਗਾ ਸਿੰਘ : ਅਖੰਡ ਪਾਠ ਵਾਲੇ ਘਰ ਮੱਥਾ ਟੇਕਣ ਗਿਆ ਤਾਂ ਚਾਹ ਤਾਂ ਮਿਲ ਹੀ ਜਾਵੇਗੀ, ਨਾਲੇ ਪੁੰਨ ਨਾਲੇ ਫਲੀਆਂ।

ਨਿੰਦਰ ਕੌਰ : ਲਾਲਚ ਪਿੱਛੇ ਪਾਠ ਸੁਨਣ ਦਾ ਕੀ ਫਾਇਦਾ ? ਨੀਅਤ ਠੀਕ ਹੋਣੀ ਚਾਹੀਦੀ ਏ।

ਬੱਗਾ ਸਿੰਘ : ਚਾਹ ਦਾ ਪਿਆਲਾ ਪੀਤਿਆਂ ਨੀਅਤ ਆਪੇ ਠੀਕ ਹੋ ਜਾਏਗੀ। ਨਿੰਦਰ ਕੌਰੇ, ਤੂੰ ਸਾਰੀ ਉਮਰ ਗੁਰਦੁਆਰੇ ਮੱਥਾ ਰਗੜਦੀ ਰਹੀ ਏਂ, ਇੱਕ ਲਾਈਨ ਦੀ ਸਮਝ ਹੈ ਤੈਨੂੰ ਗੁਰਬਾਣੀ ਦੀ ?

ਨਿੰਦਰ ਕੌਰ : (ਗੁੱਸੇ ਵਿੱਚ) ਮੈਂ ਸਮਝਾਂ ਭਾਵੇਂ ਨਾ। ਐਵੇਂ ਬਾਂ ਬਾਂ ਕਰਨ ਲੱਗ ਪਿਐਂ।

ਬੱਗਾ ਸਿੰਘ : ਮੈਨੂੰ ਕੀ, ਗੁਰਦੁਆਰੇ ਬਹਿ ਕੇ ਸਿਰ ਹਿਲਾਈ ਜਾਇਆ ਕਰ ਅੱਖਾਂ ਮੀਟ ਕੇ।

ਨਿੰਦਰ ਕੌਰ : ਬੋਲੀ ਜਾ..

ਬੱਗਾ ਸਿੰਘ : ਬੋਲਣ ਕਿੱਥੇ ਹੁੰਦੇ ਸ਼ੈੱਲ ਡਾਉਨ ਹੋਏ ਪਏ ਨੇ। ਇੱਦਾਂ ਕਰ, ਢਾਰੇ ਵਿੱਚ ਬਾਪੂ ਲੇਟਿਆ ਪਿਐ, ਦੁੱਧ ਦਾ ਗਲਾਸ ਦੇ ਆ ਗਰਮ ਕਰਕੇ।

ਨਿੱਦਰ ਕੌਰ : ਅੱਜ ਬਾਪੂ ਹੋਰੀ ਦੁੱਧ ਵੇਖ ਕੇ ਖੁਸ਼ ਹੋ ਜਾਣਗੇ। ਬਾਪੂ ਦੀ ਸਿਹਤ ਰਹਿੰਦੀ ਜਾ ਰਹੀ ਏ।

ਬੱਗਾ ਸਿੰਘ : ਅੱਸੀਆਂ ਦੇ ਨੇੜੇ ਪਹੁੰਚ ਚੱਲਿਐ। ਅਜੇ ਵੀ ਕਹਿੰਦੈ- ਕਲ੍ਹ ਦੀਆਂ ਗੱਲਾਂ ਨੇ, ਕੀ ਵੇਖਿਐ ਜ਼ਿੰਦਗੀ ਵਿੱਚ। (ਬਾਪੂ ਆਉਂਦਾ ਹੈ)

ਬਾਪੂ : ਬੱਗਿਆ, ਭੁੱਖ ਬੜੀ ਲੱਗੀ ਏ।ਢਿੱਡ ਵਿੱਚ ਚੂਹੇ ਦੌੜਦੇ ਪਏ ਨੇ।

ਨਿੰਦਰ ਕੌਰ : ਬਾਪੂ ਜੀ, ਲਾਹੁਣੀ ਆਂ ਰੋਟੀ। ਥੋੜਾ ਆਟਾ ਉਧਾਰ ਲੈ ਕੇ ਆਈ ਗੁਆਂਢੀਆਂ ਤੋਂ। (ਨਿੰਦਰ ਕੌਰ ਚਲੇ ਜਾਂਦੀ ਹੈ)

ਬਾਪੂ : ਅੱਜ ਮਾਂਹ ਛੋਲਿਆਂ ਦੀ ਦਾਲ ਬਣਾ ਲਉ। ਤੜਕਾ ਵੀ ਲਾਇਓ....

ਬੱਗਾ ਸਿੰਘ : ਬਾਪੂ, ਤੜਕੇ ਦਾ ਨੁਕਸਾਨ ਈ ਨੁਕਸਾਨ ਏ। ਘਿਉ ਨਕਲੀ ਆ ਰਹੇ ਨੇ ਨਿਰੀ ਮਿਲਾਵਟ। ਤੇਲ ਵਿੱਚ ਗਰੀਸ ਰਲੀ ਹੁੰਦੀ ਏ।

ਬਾਪੂ : ਕੋਈ ਨਹੀਂ ਤੁਸੀਂ ਲਾਓ ਤੜਕਾ, ਘੜੀ ਨਾੜਾਂ ਈ ਤਰ

ਹੋ ਜਾਣ। ਪੀ ਜਾਵਾਂਗਾ ਦਾਲ ਅੱਖਾਂ ਮੀਟ ਕੇ।

ਬੱਗਾ ਸਿੰਘ : ਮਿਲਾਵਟ ਵਾਲੀ ਦਾਲ ਖਾ ਕੇ ਹੋਰ ਬਿਮਾਰ ਹੋ ਜਾਵੇਂਗਾ।

ਬਾਪੂ : ਕੋਈ ਮੰਨ ਵੀ ਲਿਆ ਕਰ। ਨਾ ਲਾਈਂ ਮੇਰੇ ਮਰਨ ਤੇ ਮੇਰੇ ਮੂੰਹ ਨੂੰ ਮੱਖਣ। ਸਾਰੀ ਰਾਤ ਪਾਸੇ ਮਾਰਦਿਆਂ ਲੰਘ ਗਈ।

ਬੱਗਾ ਸਿੰਘ : ਬਾਪੂ, ਸਿਹਤ ਠੀਕ ਨਹੀਂ ?

ਬਾਪੂ : ਹੁਣ ਕਿਹੜਾ ਜਵਾਨੀ ਦੇ ਘੋੜੇ ਤੇ ਚੜਨੈਂ।ਅੰਤਾਂ ਦੀ ਮੰਗਿਆਈ ਏ। (ਭਾਵਕ ਹੋ ਕੇ) ਚੰਗਾ ਹੋਇਆ ਤੇਰੀ ਮਾਂ ਚਲੀ ਗਈ, ਨਹੀਂ ਤਾਂ ਭੁੱਖੀ ਮਰ ਜਾਂਦੀ....

ਪਿੱਛੋਂ ਗੀਤ : ਬੱਲੀਏ ਨੀ ਸੋਹਣੀਏ, ਆਟਾ ਮੁੱਕਿਆ ਪੜੌਲੀ ਹੋ ਗਈ ਸੱਖਣੀ ਤੇ ਕਿੱਥੋਂ ਮੈਂ ਪਕਾਵਾਂ ਰੋਟੀਆਂ।

ਬਾਪੂ : ਤੇਰੀ ਮਾਂ ਇਹ ਗੀਤ ਗਾਉਂਦੀ ਹੁੰਦੀ ਸੀ (ਨਿੰਦਰ ਕੌਰ ਆਉਂਦੀ ਹੈ।

ਨਿੰਦਰ ਕੌਰ : ਮੈਂ ਆਟਾ ਗੁੰਨ ਲਵਾਂ, ਤੁਸੀਂ ਗੰਢੇ ਲੈ ਆਓ।

ਬੱਗਾ ਸਿੰਘ : ਗੰਢਿਆਂ ਤੋਂ ਬਿਨਾਂ ਨਹੀਂ ਬਣ ਸਕਦੀ ਦਾਲ ?

ਨਿੰਦਰ ਕੌਰ : ਦਾਲ ਸਵਾਦ ਬਣ ਜਾਵੇਗੀ, ਮੁੰਡੇ ਨੇ ਗੌਣ ਵਾਸਤੇ ਜਾਣੈਂ ਤੇ ਨਾਲੇ ਬਾਪੂ ਦੇ ਮੂੰਹ ਤੇ ਵੀ ਜ਼ਰਾ ਰੌਣਕ ਆ ਜਾਏਗੀ।

ਬੱਗਾ ਸਿੰਘ : ਗੰਢੇ ਚੜ੍ਹੀ ਜਾਂਦੇ ਨੇ, ਤੀਹ ਰੁਪਏ ਕਿਲੋ ਹੋ ਗਏ ਨੇ। (ਰੋਣਹਾਕੀ ਆਵਾਜ਼ ਵਿੱਚ) ਕਿਥੋਂ ਲਿਆਵਾਂ ?

ਨਿੰਦਰ ਕੌਰ : ਰੋਣ ਲੱਗ ਪਏ ਹੋ ?

ਬੱਗਾ ਸਿੰਘ : ਆਹੋ, ਗੰਢੇ ਅੱਖਾਂ 'ਚੋਂ ਅਥਰੂ ਕੱਢ ਦਿੰਦੇ ਨੇ।

ਨਿੰਦਰ ਕੌਰ : ਪਰ ਤੁਸੀਂ ਤਾਂ ਅਥਰੂਆਂ ਤੋਂ ਬਿਨਾਂ ਈ ਰੋਈ ਜਾਂਦੇ ਹੋ ?

ਬੱਗਾ ਸਿੰਘ : ਅਥਰੂ ਮੁੱਕ ਗਏ ਨੇ, ਅਥਰੂ ਸੁੱਕ ਗਏ ਨੇ।

ਨਿੰਦਰ ਕੌਰ : ਕਿਵੇਂ ?

ਬੱਗਾ ਸਿੰਘ : ਮਾਰ ਗਈ ਮੰਗਿਆਈ।

ਪਿੱਛੋਂ ਗੀਤ : ਮਹਿੰਗਾਈ ਚੜੀ ਅਰਸ਼ ਤੇ, ਬੰਦਾ ਡਿੱਗਾ ਫਰਸ਼ ਤੇ
ਰੋਟੀ ਨੂੰ ਤਰਸਦੈ, ਕੈਸੀ ਰੁੱਤ ਆਈ ਹੈ।
ਮਹਿੰਗਾਈ ਹੈ, ਮਹਿੰਗਾਈ ਹੈ, ਸਭ ਦੀ ਸ਼ਾਮਤ ਆਈ ਹੈ।

ਬਾਪੂ : (ਬੱਗਾ ਸਿੰਘ ਨੂੰ) ਪੁੱਤਰਾ, ਭੁੱਖ ਇੰਨੀ ਲੱਗੀ ਏ ਕਿ ਮੈਨੂੰ ਆਪਨੀ ਵੱਖੀ ਦਾ ਦਰਦ ਭੁੱਲ ਗਿਐ। ਸਾਰੀ ਰਾਤ ਗੌਣ ਦੀ ਵਾਜ ਆਉਂਦੀ ਰਹੀ ਕਿਤੇ ਨੇੜਿਓਂ ਹੀ....



ਬੱਗਾ ਸਿੰਘ : ਬਾਪੂ, ਪੰਡਤਾਂ ਦੇ ਘਰ ਜਗਰਾਤਾ ਸੀ।

ਬਾਪੂ : ਬੜੀ ਕੁੱਟੀ ਢੋਲਕੀ ਉਹਨਾਂ। ਢੋਲਕੀ ਦੀ ਸੱਟ ਸਿੱਧੀ ਮੇਰੇ ਭੁੱਖੇ ਢਿੱਡ ਤੇ ਵੱਜਦੀ ਰਹੀ।

ਬੱਗਾ ਸਿੰਘ : ਖਾਨ ਪੀਣ ਦਾ ਕਰਦਾਂ ਕੋਈ ਹੀਲਾ ਵਸੀਲਾ। ਅੱਸੀ ਰੁਪਏ ਹੈਨ ਮੇਰੇ ਕੋਲ। (ਬਾਪੂ ਅਤੇ ਨਿੰਦਰ ਕੌਰ ਅੰਦਰ ਚਲੇ ਜਾਂਦੇ ਹਨ, ਬੱਗਾ ਬਾਹਰ ਜਾਂਦਾ ਹੈ)

## ਦ੍ਰਿਸ਼ ਦੋ

(ਕਰਿਆਨੇ ਦੀ ਦੁਕਾਨ ਦਾ ਦ੍ਰਿਸ਼ ਵਿਖਾਈ ਦਿੰਦਾ ਹੈ)

ਨੌਕਰ : ਆ ਜਾਓ ਸਰਦਾਰ ਜੀ।

ਬੱਗਾ ਸਿੰਘ : ਕਾਹਦੇ ਸਰਦਾਰ ਆਂ....

ਨੌਕਰ : ਜੋ ਵੀ ਹੈ ਓ ਠੀਕ ਏ, ਕੀ ਲੈਣੈਂ ?

ਬੱਗਾ ਸਿੰਘ : ਦਸਦੇ ਆਂ, ਜਰਾ ਸਾਹ ਤਾਂ ਲੈ।

ਨੌਕਰ : (ਸਾਹ ਲੈਂਦਾ ਹੋਇਆ) ਆਹ ਲੈ ਲਿਆ ਸਾਹ, ਹੁਣ ਬੋਲ ਜਲਦੀ..... ਅੱਜ ਤਾਂ ਗਾਹਕ ਤੇ ਗਾਹਕ ਵੱਜਦਾ ਪਿਐ।

ਬੱਗਾ ਸਿੰਘ : ਮੂੰਗੀ ਕਿਵੇਂ ?

ਨੌਕਰ : ਸ਼ੁੱਧ ਧੋਤੀ ਸੌ ਰੁਪਏ ਕਿਲੋ।

ਬੱਗਾ ਸਿੰਘ : ਹੈਂ ?

ਨੌਕਰ : ਕੀ ਹੋਇਐ ? ਕਿਤੇ ਡਿੱਗ ਨਾ ਜਾਇਓ।

ਗੀਤ ਦੀ ਆਵਾਜ਼ : ਮੂੰਗੀ ਹੋਈ ਸੌ ਰੁਪਏ ਕਿਲੋ
ਰੇਟ ਸੁਣ ਡਿੱਗ ਪਈ ਬਿੱਲੋ।
ਮਹਿੰਗਾਈ ਦਾ ਮਾਰਿਆ ਬੰਦਾ
ਰੱਬਾ ਇਹ ਕੀ ਗੋਰਖ ਧੰਦਾ
ਮਹਿੰਗਾਈ ਹੈ, ਮਹਿੰਗਾਈ ਹੈ।
ਸਭ ਦੀ ਸ਼ਾਮਤ ਆਈ ਹੈ।

ਬੱਗਾ ਸਿੰਘ : ਮੂੰਗੀ ਨੂੰ ਮਾਰ ਗੋਲੀ, ਘਿਓ ਕਿਵੇਂ ?

ਨੌਕਰ : ਸ਼ੁੱਧ ਦੇਸੀ ਤਿੰਨ ਸੌ ਰੁਪਏ ਤੇ ਸ਼ੁਧ ਡਾਲਡਾ ਦੋ ਸੌ ਰੁਪਏ। ਕਿਹੜਾ ਚਾਹੀਦੈ ?

ਬੱਗਾ ਸਿੰਘ : ਦੋਵੇਂ ਆਪਨੇ ਕੋਲ ਈ ਰੱਖ

ਨੌਕਰ : ਕੋਲ ਈ ਪਏ ਨੇ, ਧੱਕੇ ਨਾਲ ਤਾਂ ਨਹੀਂ ਤੇਰੀ ਝੋਲੀ ਸੁੱਟਣ ਲੱਗਾ।

ਬੱਗਾ ਸਿੰਘ : ਗੁੜ ਵਾਲੇ ਚੌਲ ਬਣਾ ਲੈਣੇ ਆਂ ਠੂਠੀ ਪਾ ਕੇ। ਗੁੜ

| | | |
|---|---|---|
| | | ਕਿਵੇਂ ? |
| ਨੌਕਰ | : | ਸ਼ੁਧ ਗੁੜ ? |
| ਬੱਗਾ ਸਿੰਘ | : | ਆਹ ਸਾਲਾ ਸ਼ੁੱਧ ਸ਼ੁਧ ਕੀ ਬੋਲੀ ਜਾਂਦੈ ? |
| ਨੌਕਰ | : | ਮਤਲਬ ਗੁੜ ਚਿੱਟਾ ਚਾਹੀਦੈ ਕਿ ਕਾਲਾ ? |
| ਬੱਗਾ ਸਿੰਘ | : | ਵਧੀਆ ਕਿਹੜਾ ਏ ? |
| ਨੌਕਰ | : | ਇਹ ਤਾਂ ਗੁੜ ਆਪ ਈ ਬੋਲੇਗਾ ਜਦੋਂ ਖਾਉਗੇ। |
| ਬੱਗਾ ਸਿੰਘ | : | ਫਿਰ ਵੀ ਫਰਕ ਕੀ ਏ ? |
| ਨੌਕਰ | : | ਚਿੱਟਾ ਗੁੜ ਖਾਓਗੇ ਤਾਂ ਅੰਗਰੇਜ਼ ਬਣ ਜਾਓਗੇ। ਕਾਲਾ ਗੁੜ ਖਾਓਗੇ ਤਾਂ ਰੰਗ ਜ਼ਰਾ ਮੁਸ਼ਕੀ ਹੋ ਜਾਏਗਾ। ਪਰ ਦੋਵੇਂ ਗੁੜ ਹੈਨ ਏਕ ਸੇ ਬੜ ਕਰ ਏਕ। ਦੋਵੇਂ ਮਿੱਠੇ ਨੇ ਰੱਜ ਕੇ। |
| ਬੱਗਾ ਸਿੰਘ | : | ਰੰਗ ਨੂੰ ਛੱਡੋ। ਅਸੀਂ ਤਾਂ ਸ਼ੀਸ਼ੇ 'ਚ ਮੂੰਹ ਹੀ ਮੱਸਿਆ, ਸੰਗਰਾਂਦ ਤੇ ਵੇਖਣੇ ਆਂ। |
| ਨੌਕਰ | : | ਮਤਲਬ ਤੁਸੀਂ ਮਹੀਨੇ 'ਚ ਦੋ ਵਾਰ ਮੱਸਿਆ, ਸੰਗਰਾਂਦ ਤੇ ਹੀ ਨਹਾਉਂਦੇ ਹੋ, ਬੜੀ ਬਚਤ ਕਰਦੇ ਹੋ ਸਾਬਣ ਦੀ। |
| ਬੱਗਾ ਸਿੰਘ | : | ਗੁੜ ਦਾ ਰੇਟ ਦੱਸ |
| ਨੌਕਰ | : | ਚਿੱਟਾ ਚਾਲੀ ਰੁਪਏ ਕਿਲੋ, ਕਾਲਾ ਗੁੜ ਸੁੰਡੀਆਂ ਸਮੇਤ ਤੀਹ ਰੁਪਏ ਕਿਲੋ। |
| ਬੱਗਾ ਸਿੰਘ | : | ਸੁੰਡੀਆਂ ਵਾਲਾ ਗੁੜ ? ਵੇਚਣ ਵਾਲੇ ਨੂੰ ਸ਼ਰਮ ਨਹੀਂ, ਖਾਣ ਵਾਲੇ ਨੂੰ ਤਾਂ ਸ਼ਰਮ ਹੋਣੀ ਚਾਹੀਦੀ ਏ। |
| ਨੌਕਰ | : | ਚੌਲ ਬਣ ਗਏ ਤਾਂ ਇੱਕ ਨਹੀਂ ਲੱਭਣੀ ਸੁੰਡੀ। ਸਭ ਮਿਕਸ ਹੋ ਜਾਏਗਾ, ਨਾਲੇ ਜਮਾਨਾ ਵੀ ਮਿਕਸਿੰਗ ਦਾ ਏ, ਮਿਕਸ ਵੈੱਜ, ਮਿਕਸਿੰਗ ਮੂਵੀ। |
| ਬੱਗਾ ਸਿੰਘ | : | ਛੋਲਿਆਂ ਦੀ ਦਾਲ ਦਾ ਕੀ ਹਿਸਾਬ ਕਿਤਾਬ ਏ? |
| ਨੌਕਰ | : | ਰੇਟ ਈ ਪੁੱਛੀ ਜਾਓਗੇ, ਆਹ ਫੜ੍ਹ ਰੇਟ ਲਿਸਟ (ਰੇਟ ਲਿਸਟ ਦਿੰਦਾ ਹੈ) |
| ਬੱਗਾ ਸਿੰਘ | : | (ਪੜ੍ਹਦਾ ਹੋਇਆ) ਸਾਰੀਆਂ ਚੀਜਾਂ ਨੂੰ ਅੱਗ ਲੱਗੀ ਪਈ ਏ, ਬੰਦਾ ਕੀ ਖਾਏਗਾ ? |
| ਨੌਕਰ | : | ਮਹਾਰਾਜ, ਰੇਟ ਲਿਸਟ ਵੇਖਦੇ ਪਏ ਹੋ ਕਿ ਮੂਵੀ ਬਣਾਉਂਦੇ ਪਏ ਹੋ। |
| ਬੱਗਾ ਸਿੰਘ | : | ਅੱਧਾ ਕਿਲੋ ਛੋਲਿਆਂ ਦੀ ਦਾਲ ਤੇ ਨਾਲ ਸੌ ਗ੍ਰਾਮ ਮਾਂਹ ਪਾ ਦੇ। |



| | | |
|---|---|---|
| ਨੌਕਰ | : | ਸੌ ਗ੍ਰਾਮ ਮਾਂਹ ਕੱਠੇ ਈ। ਤੁਸੀਂ ਪੰਜਾਹ ਗ੍ਰਾਮ ਈ ਲੈ ਜਾਓ, ਬਥੇਰੇ ਨੇ ਮੁਕਦੇ ਨਹੀਂ.... ਜੇ ਨਾ ਖਾਓ ਤਾਂ। |
| ਬੱਗਾ ਸਿੰਘ | : | ਕਰ ਲੈ ਟਿੱਚਰਾਂ। |
| ਨੌਕਰ | : | ਤੁਸੀਂ ਕਿਹੜਾ ਘੱਟ ਕੀਤੀਆਂ ਨੇ। ਸਾਰੀ ਦੁਕਾਨ ਦਾ ਅਪਰੇਸ਼ਨ ਕਰ ਦਿੱਤੈ। ਆਹ ਫੜੋ ਦੋਵੇਂ ਵਾਲਾਂ ਤੇ ਮਾਰੋ ਛਾਲਾਂ। |

## ਦ੍ਰਿਸ਼ ਤਿੰਨ

**(ਨੇਤਾ ਅਤੇ ਉਸਦਾ ਸਕੱਤਰ ਨਜ਼ਰ ਆਉਂਦੇ ਹਨ)**

| | | |
|---|---|---|
| ਨੇਤਾ | : | (ਸਕੱਤਰ ਨੂੰ) ਸੈਕਟਰੀ ਬੰਦੇ ਕੀ ਕਰਦੇ ਨੇ ? |
| ਸਕੱਤਰ | : | ਨੇਤਾ ਜੀ, ਸਾਰੇ ਇਸ ਟਾਈਮ ਖੋਤੇ ਬਣੇ ਪਏ ਨੇ। ਬੰਦੇ ਲਾ ਰਹੇ ਨੇ ਗੇੜੇ, ਤੁਸੀਂ ਖਾਓਗੇ ਪੇੜੇ। ਅੱਧੇ ਗੁਦਾਮ ਟੱਲੀ ਹੋ ਗਏ। |
| ਨੇਤਾ | : | ਫਾਈਨ ਫਾਈਨ। ਜਿੰਨੀ ਦਾਲ ਪੈਦਾ ਹੋਈ ਏ ਐਸ ਏਰੀਏ ਵਿੱਚ, ਸਾਰੀ ਦਾ ਸ਼ਿਕਾਰ ਕਰ ਲਓ। |
| ਸਕੱਤਰ | : | ਸ਼ਿਕਾਰ ? |
| ਨੇਤਾ | : | ਮੋਟਾ ਸ਼ਿਕਾਰ। ਸਾਨੂੰ ਪੈ ਰਹੀ ਏ ਚਾਲੀ ਰੁਪਏ ਕਿਲੋ। ਜਦ ਅਸੀਂ ਬਾਹਰ ਕਢਾਂਗੇ ਦਾਲ ਬੋਲੇਗੀ ਆਪਣਾ ਰੇਟ ਸੌ ਰੁਪਏ ਕਿਲੋ (ਦੋਵੇਂ ਹੱਸਦੇ ਹਨ) |
| ਸਕੱਤਰ | : | ਇਹ ਦਾਲ ਲੋਕਾਂ ਦਾ ਦਲੀਆ ਬਣਾ ਦੇਵੇਗੀ ਨੇਤਾ ਜੀ। ਸਰ ਜੀ, ਇਸ ਵਾਰ ਕਾਰ ਕਿਹੜੀ ਆਵੇਗੀ? |
| ਨੇਤਾ | : | ਸਪੈਸ਼ਲ ਡਿਜਾਇਨ ਕੀਤੀ ਕਾਰ ਜਰਮਨ ਤੋਂ ਆਵੇਗੀ। ਜਿਹੜਾ ਬੈਠੇਗਾ, ਸਮਝੇਗਾ ਜਰਮਨ ਦੀ ਸੈਰ ਕਰਨੇ ਪਏ ਆਂ। ਗੁਦਾਮਾਂ ਵਿੱਚ ਜਿਹੜੀ ਦਾਲ ਤੇ ਖੰਡ ਸਟੋਰ ਕਰ ਦਿੱਤੀ ਏ, ਜਦ ਨਿਕਲੇਗੀ ਤਾਂ ਸੋਨਾ ਬਣੀ ਹੋਵੇਗੀ। |
| ਸਕੱਤਰ | : | ਵਾਹ! ਆਪ ਦੇ ਦਿਮਾਗ ਦੇ ਜਾਈਏ ਬੱਲੇ ਬੱਲੇ, ਬਾਕੀ ਦੁਨੀਆਂ ਥੱਲੇ ਥੱਲੇ। |
| ਨੇਤਾ | : | ਜੇ ਸਾਡੇ ਦਿਮਾਗ ਦੀਆਂ ਚੱਕਰੀਆਂ ਨਾ ਚਲਦੀਆਂ ਤਾਂ ਸਾਡੇ ਆਲੀਸ਼ਾਨ ਬੰਗਲੇ ਕਿਵੇਂ ਬਣਦੇ। ਹਾਈ ਕਮਾਂਡ ਤੋਂ ਆਪਣੇ ਆਪ ਟਿਕਟ ਮਿਲਦੀ ਰਹੀ ਏ। ਇਹ ਸਭ ਕਿਸ ਕਰਕੇ ? ਆਹ ਦਿਮਾਗ ਕਰਕੇ, ਐਤਕਾਂ ਇਲੈਕਸ਼ਨ ਜਿੱਤ ਕੇ ਮਨਿਸਟਰ ਬਣਾਂਗਾ। |
| ਸਕੱਤਰ | : | ਮਜ਼ਦੂਰਾਂ ਕੋਲੋਂ ਮਾਲ ਸਟੋਰਾਂ ਵਿੱਚ ਸੁਟਾਓ ਤੇ ਇਹਨਾਂ |

ਨੂੰ ਉਂਗਲਾਂ ਤੇ ਨਚਾਓ। ਇਹ ਦਿਮਾਗ ਦੀ ਹੀ ਕਰਾਮਾਤ ਏ।

ਨੇਤਾ : ਮਜਦੂਰਾਂ ਦੇ ਹੱਥ ਪੈਰ ਚਲਦੇ ਨੇ ਤੇ ਸਾਡਾ ਦਿਮਾਗ ਚਲਦੈ। ਅਕਲ ਵੱਡੀ ਕਿ ਮੱਝ ?

ਸਕੱਤਰ : ਮੱਝ ਕੀ, ਅਕਲ ਨਾਲ ਬੰਦਾ ਹਾਥੀਆਂ ਨੂੰ ਸੁੱਟ ਲੈਂਦੈ ਭੁੰਜੇ।

ਨੇਤਾ : ਸਾਡੀ ਅਕਲ ਦੇ ਘੋੜੇ ਬੜੇ ਤੇਜ਼ ਦੌੜਦੇ ਨੇ ਤੇ ਲੋਕਾਂ ਦੇ ਸਿਰ 'ਚ ਖੂਬ ਮਿੱਟੀ ਘੱਟਾ ਪਾਉਂਦੇ ਨੇ। ਇਧਰ ਅੱਧੀ ਅੱਧੀ ਰਾਤ ਤੱਕ ਸਾਡੀਆਂ ਪਾਰਟੀਆਂ ਕਿਵੇਂ ਰੰਗੀਨ ਚਲਦੀਆਂ ਨੇ। ਸਾਡੇ ਬੱਚਿਆਂ ਦੇ ਜਨਮ ਦਿਨ ਤੇ ਜਸ਼ਨ ਕਿਵੇਂ ਚਲਦੇ ਨੇ (ਫ਼ੂਨ ਦੇ ਆਉਣ ਦੀ ਆਵਾਜ਼) ਹੈਲੋ, ਕੁੱਕੂ ਦਾ ਬਰਥ ਡੇ ? ਜਰਾ ਰੁਕ ਜਾਓ, ਮੈਂ ਆਇਆ ਜਸਟ ਨਾਊਂ

ਸਕੱਤਰ : ਬਰਥ ਡੇ ?

ਨੇਤਾ : ਮਿਸਿਜ ਦਾ ਫ਼ੂਨ ਸੀ.ਆਹ ਸੁਣੀਂ ਵਾਜ। ਨਿਆਣਿਆਂ ਤੇ ਜਨਾਨੀਆਂ ਦੀ ਫੌਜ ਘਰ ਕੱਠੀ ਹੋ ਗਈ ਏ।

ਆਵਾਜ਼ਾਂ : ਹੈਪੀ ਬਰਥ ਡੇ ਟੂ ਯੂ

ਸਕੱਤਰ : ਨੇਤਾ ਜੀ ਕੇਕ ਕੱਟਿਆ ਗਿਆ। ਤੁਹਾਨੂੰ ਜਾਣਾ ਚਾਹੀਦੈ, ਲੋਕ ਕੀ ਕਹਿਣਗੇ ਕਿ ਬਾਪ ਆਪਣੇ ਬੇਟੇ ਦੇ ਬਰਥ ਡੇ ਤੇ ਵੀ ਨਹੀਂ ਆਇਆ।

ਨੇਤਾ : ਜਾਣ ਬੁੱਝ ਕੇ ਲੇਟ ਪਹੁੰਚਣਾ ਹੁੰਦੈ। ਜਨਾਨੀਆਂ ਨੂੰ ਖਾ ਲੈਣ ਦੇ ਕੇਕ, ਇਹਨਾਂ ਕਿਹੜਾ ਸਕਾਚ ਪੀਣੀ ਏ। ਭਰੀ ਪਾਰਟੀ 'ਚ ਤੂੰ ਮਾਈਕ ਫੜ ਕੇ ਕਹਿਣੈ- ਨੇਤਾ ਜੀ ਝੁੱਗੀਆਂ ਵਾਲਿਆਂ ਨੂੰ ਕੰਬਲ ਵੰਡਦੇ ਰਹੇ ਤੇ ਆਪਣੇ ਕੁੱਕੂ ਦੇ ਬਰਥ ਡੇ ਦਾ ਕੇਕ ਵੀ ਨਹੀਂ ਖਾ ਸਕੇ।

ਸਕੱਤਰ : ਮੈਂ ਕਿਹਾ ਠੁੱਕ ਬੰਨ ਦਿਆਂਗਾ। ਤਾੜੀਆਂ ਤਾੜ ਤਾੜ ਨਾ ਵੱਜੀਆਂ ਤਾਂ ਮੈਨੂੰ ਵੀ ਸੈਕਟਰੀ ਨਾ ਕਹਿਓ।

ਨੇਤਾ : ਮਾਲ ਸੁੱਟਣ 'ਚ ਕਿੰਨਾ ਟਾਈਮ ਲੱਗੇਗਾ ?

ਸਕੱਤਰ : ਬਸ ਪੰਦਰਾਂ ਮਿੰਟ

ਨੇਤਾ : ਲੇਬਰ ਅੰਦਰ ਸੁੱਟ ਇੱਕ ਇੱਕ ਮੋਟਾ ਜਿਹਾ ਪੈੱਗ ਤੇ ਬਣ ਜਾਣ ਸ਼ਤਾਬਦੀ ਟਰੇਨ।

ਸਕੱਤਰ : ਓ.ਕੇ. ਸਰ। ਦੇਨਾਂ ਇਹਨਾਂ ਨੂੰ ਹਮੀਰਾ ਰਮ ਇੱਕ ਇੱਕ ਗਲਾਸ ਵੇਖਿਓ ਹਨੇਰੀ ਲਿਆ ਦੇਣਗੇ। (ਦੋਵੇਂ ਜਾਂਦੇ



ਹਨ)

## ਦ੍ਰਿਸ਼ ਚਾਰ

**(ਹਸਪਤਾਲ ਦਾ ਦ੍ਰਿਸ਼ ਨਜ਼ਰੀ ਪੈਂਦਾ ਹੈ)**

ਬੱਗਾ ਸਿੰਘ : ਲੈ ਬਾਪੂ, ਆ ਗਿਆ ਹਸਪਤਾਲ ਸਰਕਾਰੀ

ਬਾਪੂ : ਜੀਂਦਾ ਰਹਿ ਪੁੱਤਰ। ਰੱਬ ਤੇਰੀ ਵੱਡੀ ਉਮਰ ਕਰੇ। ਪਰ..... ਮੇਰੇ ਦਰਦ .... ਹਾਏ.... ਹਾਏ....

ਬੱਗਾ ਸਿੰਘ : (ਘਬਰਾਈ ਹੋਈ ਉੱਚੀ ਆਵਾਜ਼ ਵਿੱਚ) ਡਾਕਟਰ ਜੀ.... ਓ ਡਾਕਟਰ ਜੀ.... ਦੋੜੋ..... ਮੇਰਾ ਬਾਪੂ..... ਮੇਰਾ ਬਾਪੂ .....

ਸੇਵਾਦਾਰ : (ਆਉਂਦਾ ਹੋਇਆ) ਕਿਉਂ ਡੰਡ ਪਾਈ ਏ ? ਇਹ ਹਸਪਤਾਲ ਏ, ਕੋਈ ਸਬਜ਼ੀ ਮੰਡੀ ਨਹੀਂ ਹੈਗੀ। ਬੋਲ, ਕੀ ਤਕਲੀਫ ਏ ?

ਬੱਗਾ ਸਿੰਘ : ਮੇਰੇ ਬਾਪੂ ਨੂੰ ਵੇਖੋ... ਡਾਕਟਰ ਕਿੱਥੇ ਲੁੱਕ ਕੇ ਬੈਠੈ

ਸੇਵਾਦਾਰ : ਪਰਚੀ ਕਟਾਈ ਏ ?

ਬੱਗਾ ਸਿੰਘ : ਨਹੀਂ, ਕਿਥੋਂ ਕਟਾਣੀ ਏ ?

ਸੇਵਾਦਾਰ : ਉਪਰ ਚੜ੍ਹ ਜਾ ਪੌੜੀਆਂ।

ਬੱਗਾ ਸਿੰਘ : ਬਾਪੂ ਤੂੰ ਐਥੇ ਬੈਠ, ਕੰਧ ਨਾਲ ਢੋਅ ਲਾ ਲੈ। ਮੈਂ ਮਿੰਟਾਂ 'ਚ ਆਇਆ ਖੋਟੇ ਪੈਸੇ ਵਾਂਗੂੰ ਪਰਚੀ ਕਟਾ ਕੇ (ਬੱਗਾ ਸਿੰਘ ਚਲਾ ਜਾਂਦਾ ਹੈ)

ਬਾਪੂ : (ਆਪਣੇ ਆਪ ਨਾਲ) ਮੇਰਾ ਪੁੱਤਰ ਕਿੰਨਾ ਫਿਕਰ ਕਰਦਾ ਪਿਐ ਮੇਰਾ ....ਹਾਏ....ਹਾਏ.... ਪਾਣੀ.... ਘੁੱਟ ਪਾਣੀ ਕਿੰਨੇ ਲੋਕ ਨੇ....ਕੋਈ ਨਹੀਂ ਸੁਣਦਾ...ਸਾਰੇ ਵਿੰਹਦੇ ਪਏ ਨੇ ਮਾਰਨ ਵਾਲੀ ਮੱਝ ਵਾਂਗੂੰ...ਪਾਣੀ...ਪਾਣੀ.... ਹਾਂ ਸੱਚ ਇਹ ਵੀ ਤਾਂ ਬਿਮਾਰੀਆਂ ਦੇ ਮਾਰੇ ਪਏ ਨੇ....ਕੀ ਦੇਣੈਂ ਪਾਣੀ ਇਹਨਾਂ....ਇਹ ਤਾਂ ਆਪ ਪਾਣੀ ਮੰਗਦੇ ਜਾਪਦੇ ਨੇ।

(ਬੱਗਾ ਸਿੰਘ ਆਉਂਦਾ ਹੈ।)

ਪੁੱਤਰ, ਮੂੰਹ ਸੁੱਕਦਾ ਪਿਐ...ਘੁੱਟ ਪਾਣੀ ਦੇ।

ਬੱਗਾ ਸਿੰਘ : ਬਾਪੂ, ਹਸਪਤਾਲ ਦੀਆਂ ਟੂਟੀਆਂ ਵਿੱਚ ਤਾਂ ਪਾਣੀ ਹੈ ਈ ਨਹੀਂ। ਘਬਰਾ ਨਾ ਮੈਂ ਨਲਕੇ ਤੋਂ ਲੈ ਕੇ ਆਇਆ। ਸੜ੍ਹਕ ਤੇ ਨਲਕਾ ਹੈ ਵੇ।(ਬੱਗਾ ਸਿੰਘ ਜਾਂਦਾ ਹੈ)

ਬਾਪੂ : ਇਹਨਾਂ ਸਰਕਾਰੀ ਟੂਟੀਆਂ ਵਿੱਚ ਓਦੋਂ ਪਾਣੀ ਆਏਗਾ ਜਦ ਸਾਹ ਨਿਕਲ ਗਏ। ਐਨੀ ਉੱਚੀ ਟੈਂਕੀ ਅੱਧ

ਅਸਮਾਨੇ ਜਾਂਦੀ ਏ, ਕਿਉਂ ਬਣਾਈ। (ਬੱਗਾ ਸਿੰਘ ਆਉਂਦਾ ਹੈ)

ਬੱਗਾ ਸਿੰਘ : ਲੈ ਬਾਪੂ, ਪਾਣੀ ਪੀ (ਬਾਪੂ ਪਾਣੀ ਪੀਂਦਾ ਹੈ) ਚੱਲ ਆਪਾਂ ਡਾਕਟਰ ਨੂੰ ਮਿਲੀਏ। ਕਿੰਨੀ ਭੀੜ ਏਂ...ਲਗਦੈ ਸਾਰੀ ਦੁਨੀਆਂ ਬਿਮਾਰ ਹੋ ਗਈ ਏ'....ਓਏ ਹਟੋ ਪਿੱਛੇ, ਮੇਰਾ ਬਾਪੂ ਬੜ੍ਹਾ ਔਖਾ ਏ....ਮੇਰਾ ਬਾਪੂ ਹਾਏ ਹਾਏ ਕਰਦਾ ਪਿਐ। ਜੇ ਮੇਰੇ ਬਾਪੂ ਨੂੰ ਕੁੱਝ ਹੋ ਗਿਆ ਤਾਂ ਫੂਕ ਦਿਆਂਗਾ ਹਸਪਤਾਲ... (ਅੱਗੇ ਵਧਦਾ ਹੋਇਆ) ਡਾਕਟਰ ਜੀ, ਮੇਰਾ ਬਾਪੂ.....

ਡਾਕਟਰ : ਸਾਈਲੈਂਟ, ਮੇਰਾ ਬਾਪੂ, ਮੇਰਾ ਬਾਪੂ ! ਇਹਨਾਂ ਸਭ ਦੇ ਬਾਪ ਹੈਨ, ਤੇਰਾ ਬਾਪ ਅਸਮਾਨੋਂ ਉਤਰਿਆ ?

ਬੱਗਾ ਸਿੰਘ : (ਹੱਥ ਜੋੜਦਾ ਹੋਇਆ) ਡਾਕਟਰ ਤਾਂ ਰੱਬ ਦਾ ਰੂਪ ਹੁੰਦੇ ਨੇ.... ਮੇਰੇ ਬਾਪੂ ਨੂੰ ਬਚਾ ਲਓ ਡਾਕਟਰ ਸਾਹਬ।

ਡਾਕਟਰ : ਇਹਨਾਂ ਦੇ ਸਾਰੇ ਟੈਸਟ ਕਰਨੇ ਪੈਣਗੇ।

ਬੱਗਾ ਸਿੰਘ : ਜੀ ਕਰ ਦਿਓ।

ਡਾਕਟਰ : ਟੈਸਟ ਲਿਖ ਦਿੱਤੇ ਨੇ, ਲੈਬ ਵਿੱਚੋਂ ਕਰਾ ਕੇ ਲਿਆ।

ਬੱਗਾ ਸਿੰਘ : ਲੈਬ ? ਹਸਪਤਾਲ ਦੀ ਕਿਹੜੀ ਨੁੱਕਰੇ ਵੇ ?

ਡਾਕਟਰ : ਹਸਪਤਾਲ ਤੋਂ ਬਾਹਰ ਏ ਕੱਕੜ ਲੈਬ।

ਬੱਗਾ ਸਿੰਘ : ਜੀ ਪੈਸੇ ਤਾਂ ਨਹੀਂ ਲਗਦੇ ?

ਡਾਕਟਰ : ਬਾਪ ਨੂੰ ਫਰੀ 'ਚ ਬਚਾਉਣਾ ਚਾਹੁੰਦਾ ਏਂ ?

ਬੱਗਾ ਸਿੰਘ : ਇਹ ਸਰਕਾਰੀ ਹਸਪਤਾਲ ਨਹੀਂ ? ਇਥੇ ਵੀ ਪੈਸੇ .....

ਡਾਕਟਰ : ਟੈਸਟ ਆਪਣੇ ਖਰਚੇ ਤੇ ਹੁੰਦੇ ਨੇ, ਇੰਜੈਕਸ਼ਨ ਵੀ ਲੱਗਣਗੇ, ਕੁਛ ਦਵਾਈਆਂ ਵੀ ਬਾਹਰੋਂ ਮਿਲਣਗੀਆਂ।

ਬੱਗਾ ਸਿੰਘ : ਦਵਾਈਆਂ ਤਾਂ ਇਥੋਂ ਮਿਲ ਜਾਣਗੀਆਂ ?

ਡਾਕਟਰ : ਹੂੰ, ਸਭ ਕੁੱਛ ਇਥੋਂ ਭਾਲਦੈਂ! ਕਲ੍ਹ ਨੂੰ ਕਹੇਂਗਾ ਚਾਹ ਵੀ, ਰੋਟੀ ਵੀ ਹਸਪਤਾਲੋਂ ਮਿਲ ਜਾਏਗੀ।

ਬੱਗਾ ਸਿੰਘ : ਰੋਟੀ ਨਹੀਂ ਮੰਗਦੇ, ਦਵਾਈ ਮੰਗਦੇ ਆਂ।

ਡਾਕਟਰ : ਬਾਹਰ ਚਲੋ, ਹੋਰ ਪੇਮੈਂਟ ਭੀ ਵੇਖਣੇ ਨੇ।

ਬਾਪੂ : ਬੰਤਿਆ, ਮੈਨੂੰ ਘਰ ਲੈ ਜਾ। ਐਥੇ ਤਾਂ ਮੇਰੀ ਬਚੀ ਖੁਚੀ ਜਾਨ ਵੀ ਨਿਕਲ ਚੱਲੀ ਏ ।(ਡਾਕਟਰ ਦੇ ਸੈੱਟ ਤੇ ਫੂਨ ਦੀ ਆਵਾਜ਼)

ਡਾਕਟਰ : (ਫੂਨ ਤੇ) ਨਮਸਕਾਰ ਸ਼ਰਮਾ ਜੀ, ਹਾਓ ਆਰ ਯੂ ?

ਫੋਨ ਤੋਂ ਆਵਾਜ਼ : ਫਾਈਨ ਸਰ, ਥੈਂਕ ਯੂ। (ਬੱਗਾ ਸਿੰਘ ਤੇ ਬਾਪੂ ਉਠ ਕੇ



ਇੱਕ ਪਾਸੇ ਆ ਜਾਂਦੇ ਹਨ)

ਬਾਪੂ : ਪੁੱਤਰਾ, ਅੰਗਰੇਜ਼ੀ ਵਿੱਚ ਸਾਨੂੰ ਗਾਹਲਾਂ ਕੱਢਦੇ ਹੋਣੇ ਨੇ, ਇਥੋਂ ਨਿਕਲ ਚਲੀਏ। ਇਹ ਵਕਤ ਵੀ ਆਉਣਾ ਸੀ.... ਇਹ ਵੇਖਣ ਨਾਲੋਂ ਤਾਂ ਮੈਂ ਮਰ ਜਾਂਦਾ ਤਾਂ ਚੰਗਾ ਸੀ।

ਬੱਗਾ ਸਿੰਘ : ਮਰਨ ਤੇਰੇ ਦੁਸ਼ਮਣ ਬਾਪੂ, ਤੂੰ ਜੁਗ ਜੁਗ ਜੀਵੇਂ।

ਬਾਪੂ : ਜੁੱਗ ਖਤਮ ਹੋ ਗਿਐ, ਹੁਣ ਤਾਂ ਨਦੀ ਕਿਨਾਰੇ ਰੁੱਖੜਾ ਵਾਂ।

ਬੱਗਾ ਸਿੰਘ : ਬਾਪੂ ਇਵੇਂ ਨਾ ਬੋਲ... ਮੈਂ ਤੇਰਾ ਇਲਾਜ ਕਰਾਵਾਂਗਾ ਭਾਵੇਂ ਯਾਰ ਠੱਗਾਂ ਭਾਵੇਂ ਚੋਰ।

ਬਾਪੂ : ਬਿਮਾਰੀ ਜਾਂ ਮੁਕੱਦਮਾ ਕਿਸੇ ਨੂੰ ਪੈ ਨਾ ਜਾਏ। ਘਰ ਖਾਲੀ ਹੋ ਜਾਂਦੇ ਨੇ ਪੁੱਤਰਾ। ਹਾਏ....ਹਾਏ....

ਬੱਗਾ ਸਿੰਘ : ਪਰ ਮੈਂ ਤੈਨੂੰ ਇੰਜ ਨਹੀਂ ਮਰਨ ਦੇਵਾਂਗਾ ਭਾਵੇਂ ਕਿੱਲਾ ਜਮੀਨ ਲੇਖੇ ਲੱਗ ਜਾਏ।

ਬਾਪੂ : ਇੱਕ ਕਿੱਲਾ ਮੇਰੇ ਤੇ.... ਹਾਏ.... ਪਿੱਛੇ ਰਹਿ ਜਾਏਗਾ ਇੱਕ ਕਿੱਲਾ .... ਰੋਟੀ ਕਿਥੋਂ ਖਾਵੇਂਗਾ ? ਬਥੇਰੀ ਭੋਗ ਲਈ...ਹਾਏ....ਇੱਕ ਦਿਨ ਤਾਂ ਦਾਨਾ ਪਾਣੀ ਖਤਮ ਹੋ ਈ ਜਾਣੈਂ।

ਬੱਗਾ ਸਿੰਘ : ਸੁੱਖੀਂ ਸਾਂਦੀ ਇਵੇਂ ਨਾ ਬੋਲ ਬਾਪੂ.... ਮੈਂ ਆੜ੍ਹਤੀਏ ਕੋਲ ਚੱਲਿਆਂ, ਪੈਸਿਆਂ ਦਾ ਬੰਦੋਬਸਤ ਕਰਕੇ ਤੈਨੂੰ ਸ਼ਹਿਰ ਹਸਪਤਾਲ ਲੈ ਕੇ ਜਾਵਾਂਗਾ।

ਬਾਪੂ : ਬੱਗਿਆ, ਤੈਨੂੰ ਮੇਰੀ ਸੰਹੁ...ਮੈਨੂੰ ਘਰ ਲੈ ਜਾ ਹਾਏ ਵੱਖੀ 'ਚ ਦਰਦ.... ਤੂੰ ਪੀਣ ਵਾਲੀ ਸ਼ੀਸ਼ੀ ਲੈ ਆ ਦਵਾਈਆਂ ਦੀ ਦੁਕਾਨ ਤੋਂ। ਚੱਲ ਘਰ ਇਥੇ ਮੇਰਾ ਦਮ ਘੁੱਟਦਾ ਪਿਐ।

ਬੱਗਾ ਸਿੰਘ : (ਰੋਂਦਾ ਹੋਇਆ) ਚੰਗਾ ਬਾਪੂ, ਤੇਰੀ ਮੰਨੀ। ਮੈਂ ਹਾਰ ਗਿਆ, ਮੈਂ ਹਾਰ ਗਿਆ ਲੋਕੋ !

## ਦ੍ਰਿਸ਼ ਪੰਜ

**(ਬੱਗਾ ਸਿੰਘ ਦੇ ਘਰ ਦਾ ਦ੍ਰਿਸ਼ ਪੇਸ਼ ਹੁੰਦਾ ਹੈ।)**

ਨਿੰਦਰ ਕੌਰ : (ਪੁਰਾਣਾ ਜਿਹਾ ਮੋਬਾਈਲ ਫੂਨ, ਬੱਗਾ ਸਿੰਘ ਨੂੰ ਫੜ੍ਹਾਉਂਦੀ ਹੋਈ) ਆਹ ਟੈਲੀਫੂਨ ਸੁਣਿਓ।

ਬੱਗਾ ਸਿੰਘ : ਹੈਲੋ ਕੌਣ ਬੋਲਦੈ ?

ਫੂਨ ਤੋਂ : ਤੁਹਾਡਾ ਜਵਾਈ ਰਾਜਾ ਸੱਤਾ। ਹੋਰ ਕਿਵੇਂ ਡੈਡੀ ?

ਬੱਗਾ ਸਿੰਘ : ਬਸ ਚੰਗੈ ਸੱਤੇ ਪੁੱਤਰ, ਗੁੱਡੀ ਠੀਕ ਏ ਨਾ ?

ਜਵਾਈ : ਚੜ੍ਹਦੀ ਕਲਾ, ਇੱਕ ਖ਼ੁਸ਼ਖ਼ਬਰੀ ਏ।

ਬੱਗਾ ਸਿੰਘ : ਖ਼ੁਸ਼ਖ਼ਬਰੀ ? ਉਹ ਕਿਹੜੀ ਪੁੱਤਰ ?

ਜਵਾਈ : ਨਿਆਣਿਆਂ ਨੂੰ ਤਿੰਨ ਛੁੱਟੀਆਂ ਹੋ ਗਈਆਂ। ਅਸੀਂ ਤੁਹਾਡੇ ਵੱਲ ਹੁਣੇ ਈ ਆ ਰਹੇ ਹਾਂ।

ਬੱਗਾ ਸਿੰਘ : (ਥਿੜਕਵੀਂ ਆਵਾਜ਼ ਵਿੱਚ) ਸਾਡੇ ਵੱਲ ਹੁਣੇ ਈ ?

ਜਵਾਈ : ਤੁਸੀਂ ਕਿਥੇ ਹੋ ਐਸ ਟਾਈਮ ?

ਬੱਗਾ ਸਿੰਘ : ਬੱਸ ਘਰ ਹੀ।

ਨਿੰਦਰ ਕੌਰ : ਕਹਿ ਦੇ ਘਰ ਨਹੀਂ। ਖੁਆਉਣਾ ਕਿਥੋਂ ਏ ?

ਬੱਗਾ ਸਿੰਘ : ਹਾਂ ਸੱਚ ਪੁੱਤਰ, ਮੈਂ ਘਰ ਨਹੀਂ ਹੈਗਾ।

ਜਵਾਈ : ਪਹਿਲਾਂ ਕਹਿੰਦੇ ਸੀ ਘਰ ਹਾਂ, ਹੁਣ ਕਹਿੰਦੇ ਹੋ ਘਰ ਨਹੀਂ।

ਬੱਗਾ ਸਿੰਘ : ਪੁੱਤਰ ਭੁਲੇਖਾ ਲੱਗ ਗਿਆ ਸੀ.... ਇਸ ਉਮਰੇ ....

ਜਵਾਈ : ਸਾਫ ਸਾਫ ਦੱਸੋ ਕਿੱਥੇ ਹੋ ?

ਬੱਗਾ ਸਿੰਘ : ਢੱਠੇ ਖੂਹ ਵਿੱਚ...

ਜਵਾਈ : ਢੱਠੇ ਖੂਹ ਵਿੱਚ ਕੀ ਕਰਦੇ ਪਏ ਹੋ ?

ਬੱਗਾ ਸਿੰਘ : ਪੁੱਤਰ ਹਸਪਤਾਲ ਵਿੱਚ ਆਂ, ਤੁਹਾਡੀ ਸੱਸ ਦਾ ਚੂਕਲਾ ਟੁੱਟ ਗਿਐ।

ਜਵਾਈ : ਮੰਮੀ ਨਾਲ ਗੱਲ ਕਰਾਇਓ। (ਨਿੰਦਰ ਕੌਰ ਨੂੰ) ਹੈਲੋ, ਕੀ ਹਾਲ ਏ ਤੁਹਾਡਾ ?

ਨਿੰਦਰ ਕੌਰ : ਹਾਏ....ਹਾਏ.... ਮਰ ਗਈ। ਰਾਤ ਸੁੱਤੀ ਸੀ, ਸੁੱਤੀ ਸੁੱਤੀ ਮੰਜੇ ਤੋਂ ਡਿੱਗ ਪਈ ਤੇ ਚੂਕਲਾ ਟੁੱਟ ਗਿਆ। ਗੁੱਡੀ ਨੂੰ ਨਾ ਦੱਸਿਓ ਫਿਕਰ ਕਰੇਗੀ।

ਜਵਾਈ : ਰੱਬ ਤੁਹਾਡਾ ਚੂਕਲਾ ਜਲਦੀ ਠੀਕ ਕਰੇ। ਤੁਹਾਡਾ ਪਤਾ ਲੈਣ ਜਰੂਰ ਆਉਂਦਾ, ਮੈਨੂੰ ਕੋਈ ਐਮਰਜੈਂਸੀ ਪੈ ਗਈ। ਮਹਿਕਮੇ ਦੀ ਸਪੈਸ਼ਲ ਡਿਊਟੀ ਤੇ ਜਾਣਾ ਪੈ ਗਿਐ। ਚੰਗਾ ਮੰਮੀ, ਬੈਸਟ ਆਫ ਲੱਕ। (ਫ਼ੂਨ ਤੇ ਗੱਲਬਾਤ ਖਤਮ ਹੁੰਦੀ ਹੈ)

ਨਿੰਦਰ ਕੌਰ : ਸ਼ੁਕਰ ਏ, ਟਾਲਾ ਹੋ ਗਿਐ। ਬਿੱਟੂ ਕਿਥੇ ਗਿਐ ?

ਬੱਗਾ ਸਿੰਘ : ਬਾਪੂ ਦੀ ਦਵਾਈ ਲੈਣ ਗਿਐ।

## ਦ੍ਰਿਸ਼ ਛੇ

ਸਥਾਨ : ਬੱਗਾ ਸਿੰਘ ਦਾ ਘਰ

ਨਿੰਦਰ ਕੌਰ : ਬਿੱਟੂ ਆਇਆ ਨਹੀਂ ਦਵਾਈ ਲੈ ਕੇ। ਐਧਰ ਬਾਪੂ ਕੁੱਛ ਜ਼ਿਆਦਾ ਈ....(ਬੱਗਾ ਸਿੰਘ ਆਉਂਦਾ ਹੈ)



ਬੱਗਾ ਸਿੰਘ : (ਰੋਂਦਾ ਹੋਇਆ) ਬਾਪੂ ਚਲਾ ਗਿਆ ਸਾਨੂੰ ਛੱਡ ਕੇ, ਸਦਾ ਸਦਾ ਲਈ....

ਨਿੰਦਰ ਕੌਰ : ਹੈਂ ਬਾਪੂ.....

ਬੱਗਾ ਸਿੰਘ : ਮੈਂ ਵੀ ਤਾਂ ਨਲੈਕ ਪੁੱਤਰ ਈ ਰਿਹਾ।ਟੈਮ ਸਿਰ ਦਵਾਈ ਨਹੀਂ ਲਿਆ ਸਕਿਆ (ਬਿੱਟੂ ਆਉਂਦਾ ਹੈ) ਬਿੱਟੂ ਪੁੱਤਰ, ਕੋਈ ਫਾਇਦਾ ਨਹੀਂ ਸ਼ੀਸ਼ੀ ਦਾ.... ਬਾਪੂ ਚਲਾ ਗਿਆ.....

ਬਿੱਟੂ : ਮੇਰਾ ਦਾਦੂ (ਰੋਂਦਾ ਹੋਇਆ ਬਾਪੂ ਵਾਲੇ ਕਮਰੇ ਵੱਲ ਦੌੜ ਪੈਂਦਾ ਹੈ)

ਨਿੰਦਰ ਕੌਰ : ਤੇਰੇ ਬਿਨਾਂ ਤਾਂ ਆਹ ਵਿਹੜਾ ਈ ਸੁੰਨਾ ਹੋ ਗਿਐ।

ਬੱਗਾ ਸਿੰਘ : ਬਾਪੂ ਤੂੰ ਵਿਹੜੇ 'ਚ ਲੇਟਿਆ ਹੁੰਦਾ ਸੀ, ਸਾਨੂੰ ਰਤਾ ਪਰਵਾਹ ਨਹੀਂ ਸੀ।

ਨਿੰਦਰ ਕੌਰ : ਇਲਾਜ ਕਰੌਣ ਦਾ ਹੌਂਸਲਾ ਨਹੀਂ ਪਿਆ। ਸਾਨੂੰ ਮਾਫ ਕਰੀਂ ਸਿਆਣੀਆਂ ਗੱਲਾਂ ਕਰਨ ਵਾਲਿਆ।

ਬੱਗਾ ਸਿੰਘ : ਮੈਨੂੰ ਯਾਦ ਏ ਜਦ ਮੈਂ ਅੱਠ ਸਾਲ ਦਾ ਸੀ, ਮੈਨੂੰ ਬੁਖਾਰ ਹੋ ਗਿਆ। ਬਾਪੂ ਮੈਨੂੰ ਚੁੱਕ ਕੇ ਸ਼ਹਿਰ ਲੈ ਗਿਆ। ਡਾਕਟਰ ਕੋਲੋਂ ਦਵਾਈ ਦੁਆਈ ਤੇ ਮੈਂ ਠੀਕ ਹੋ ਗਿਆ ਪਰ ਮੈਂ ਬਾਪੂ...

ਨਿੰਦਰ ਕੌਰ : ਜੇ ਮੰਗਿਆਈ ਤੈਨੂੰ ਖਾ ਗਈ ਤਾਂ ਸਾਨੂੰ ਕਿਹੜਾ ਛੱਡੇਗੀ.... ਹੌਂਸਲਾ ਰੱਖ ਬਿੱਟੂ ਦੇ ਡੈਡੀ, ਬਾਪੂ ਦੀਆਂ ਰਸਮਾਂ ਪੂਰੀਆਂ ਕਰਨੀਆਂ ਪੈਣਗੀਆਂ।
(ਰੋਸ਼ਨੀ ਬੁੱਝ ਕੇ ਉਸੇ ਥਾਂ ਤੇ ਫਿਰ ਜਗਦੀ ਹੈ)

ਬੱਗਾ ਸਿੰਘ : ਬਾਪੂ ਦੇ ਜਾਣ ਬਾਅਦ ਸਰੀਰ ਈ ਟੁੱਟ ਗਿਆ, ਹੁਣ ਤਾਂ ਦੁਨੀਆਂ ਵੀ ਓਪਰੀ ਓਪਰੀ ਲੱਗਦੀ ਏ।

ਨਿੰਦਰ ਕੌਰ : ਬਾਪੂ ਦੇ ਭੋਗ ਦਾ ਕੀ ਕਰਨੈਂ ?

ਬੱਗਾ ਸਿੰਘ : ਭੋਗ ਪਾਉਣ ਨਾਲ ਕਿਹੜਾ ਬਾਪੂ ਨੇ ਆ ਜਾਣੈ।

ਨਿੰਦਰ ਕੌਰ : ਕਦ ਰੱਖਣੈਂ ਅਖੰਡ ਪਾਠ ?

ਬੱਗਾ ਸਿੰਘ : ਅਖੰਡ ਪਾਠ ? ਘਰ ਵਿੱਚ ਤਿੰਨ ਦਿਨ ਪਾਠ ਬੰਦੇ ਦਾ ਕਚੂੰਮਰ ਨਿਕਲ ਜਾਂਦੈ।

ਨਿੰਦਰ ਕੌਰ : ਪੁੰਨ ਵੀ ਤਾਂ ਕਰਨਾ ਈ ਪੈਂਦੈ।

ਬੱਗਾ ਸਿੰਘ : ਕਾਹਦਾ ਪੁੰਨ ? ਮੇਰੇ ਬਾਪੂ ਨੇ ਕੋਈ ਮਾੜਾ ਕੰਮ ਨਹੀਂ ਕੀਤਾ। ਜੇ ਸਵਰਗ ਨਰਕ ਹੋਏ ਤਾਂ ਉਹ ਬੈਠਾ ਹੋਵੇਗਾ ਪੱਕਾ ਸਵਰਗ ਵਿੱਚ, ਜੇ ਕੋਈ ਬੰਦਾ ਸਾਰੀ ਉਮਰ ਪੁੱਠੇ ਕੰਮ ਕਰੇ, ਉਹਦੇ ਮਰਨ ਬਾਅਦ ਉਹਦੇ ਘਰ ਦੇ ਅਖੰਡ

ਪਾਠ ਕਰਾ ਦੇਣ, ਉਹਨੂੰ ਭਲਾ ਸਵਰਗ ਮਿਲ ਜਾਵੇਗਾ ?

ਨਿੰਦਰ ਕੌਰ : ਪਰ ਘਰ ਗੁਰੂ ਮਹਾਰਾਜ ਦਾ ਪ੍ਰਕਾਸ਼ ਤਾਂ ਹੋ ਹੀ ਜਾਂਦੈ।

ਬੱਗਾ ਸਿੰਘ : ਗੁਰੂ ਮਹਾਰਾਜ ਤਾਂ ਹਰ ਥਾਂ ਏ, ਜਿੱਥੇ ਮਰਜੀ ਮੰਨ ਲਉ। ਅਖੰਡ ਪਾਠ ਦਾ ਖਰਚਾ ਮੈਂ ਨਹੀਂ ਝੱਲ ਸਕਦਾ।

ਨਿੰਦਰ ਕੌਰ : ਫਿਰ ਆਪਾਂ ਸੁਖਮਨੀ ਸਾਹਿਬ ਕਰਵਾ ਲਈਏ ?

ਬੱਗਾ ਸਿੰਘ : ਭਲੀਏ ਲੋਕੇ, ਜੇ ਸੁਖਮਨੀ ਸਾਹਿਬ ਦਾ ਪਾਠ ਆਪ ਕਰ ਲਵਾਂ ?

ਨਿੰਦਰ ਕੌਰ : ਤੇਰੇ ਕੀਤੇ ਪਾਠ ਦਾ ਕੀ ਫਾਇਦਾ? ਤੂੰ ਹੁਣ ਭਾਈ ਬਣੇਂਗਾ ?

ਬੱਗਾ ਸਿੰਘ : ਭਾਈ ਵੀ ਤਾਂ ਬੰਦੇ ਹੁੰਦੇ ਨੇ। ਮੈਂ ਭਲਾ ਬੰਦਾ ਨਹੀਂ ?

ਨਿੰਦਰ ਕੌਰ : ਬੰਦਾ ਤਾਂ ਹੈ ਪਰ ਭਾਈ ਨਹੀਂ।

ਬੱਗਾ ਸਿੰਘ : ਵਿਸ਼ਵਾਸ਼ ਰੱਖ, ਪਹਿਲਾਂ ਕੇਸੀ ਇਸ਼ਨਾਨ ਕਰਾਂਗਾ। ਸਾਫ ਸੁਥਰੇ ਕੱਪੜੇ ਪਾ ਕੇ ਸੁਖਮਨੀ ਸਾਹਿਬ ਦਾ ਪਾਠ ਤਸੱਲੀ ਨਾਲ ਕਰਾਂਗਾ। ਐਵੇਂ ਕੁਤਰਾ ਨਹੀਂ ਕਰਾਂਗਾ, ਦਿਲੋਂ ਅਰਦਾਸ ਕਰਾਂਗਾ। ਇੰਨਾ ਕਰਨ ਤੇ ਵੀ ਬਾਪੂ ਦੀ ਆਤਮਾ ਨੂੰ ਸ਼ਾਂਤੀ ਨਾ ਮਿਲੀ ਤਾਂ ਫਿਰ ਜਿੰਨੇ ਮਰਜੀ ਪਾਪੜ ਵੇਲ ਲਉ, ਸ਼ਾਂਤੀ ਨਹੀਂ ਮਿਲਣੀ।

ਨਿੰਦਰ ਕੌਰ : ਲੋਕ ਕੀ ਕਹਿਣਗੇ ? ਭਾਈ ਜੀ ਪਾਠ ਕਰਨਗੇ, ਪੰਜਾਂ ਪਾਠੀਆਂ ਨੂੰ ਲੰਗਰ ਛਕਾ ਕੇ ਸਾਧ ਸੰਗਤ ਨੂੰ ਛਕਾਵਾਂਗੀ।

ਬੱਗਾ ਸਿੰਘ : ਬਾਪੂ, ਤੂੰ ਐਸ ਸਤੰਬਰ ਦੇ ਮਹੀਨੇ ਈ ਪੂਰਾ ਹੋਣਾ ਸੀ। ਖਿੱਚ ਧੂਹ ਕੇ ਦੋ ਤਿੰਨ ਮਹੀਨੇ ਹੋਰ ਕੱਢ ਜਾਂਦਾ, ਸਾਲੀ ਸਬਜ਼ੀ ਸਸਤੀ ਹੋ ਜਾਂਦੀ।

ਨਿੰਦਰ ਕੌਰ : ਕਲ੍ਹ ਕਰਾ ਦੇਈਏ ਸੁਖਮਨੀ ਸਾਹਿਬ ਦਾ ਪਾਠ।

ਬੱਗਾ ਸਿੰਘ : ਪੈਸੇ ਕਿਥੋਂ ਲਿਆਵਾਂ ?

ਨਿੰਦਰ ਕੌਰ : ਆੜ੍ਹਤੀ ਕੋਲੋਂ ਫੜ੍ਹ ਲਿਆ ਤੇ ਮੈਂ ਸਫਾਈ ਕਰ ਲਵਾਂ ਘਰ ਦੀ (ਬੱਗਾ ਸਿੰਘ ਜਾਂਦਾ ਹੈ, ਬਿੱਟੂ ਆਉਂਦਾ ਹੈ) ਬਿੱਟੂ, ਹੋ ਗਈ ਤਿਆਰੀ ਤੇਰੇ ਗੀਤ ਦੀ ?

ਬਿੱਟੂ : ਮੈਂ ਰੀਝ ਨਾਲ ਗਾਵਾਂਗਾ। ਇੱਕ ਸਿਆਣੇ ਨੇ ਮੈਨੂੰ ਤਿਆਰੀ ਕਰਾਈ ਏ, ਪ੍ਰੋਗਰਾਮ ਵਾਲੀ ਥਾਂ ਨੇਤਾ ਵੀ ਆਏਗਾ।

## ਦ੍ਰਿਸ਼ ਸੱਤ

**ਪ੍ਰੋਗਰਾਮ ਵਾਲੀ ਇਕ ਥਾਂ**



ਸਕੱਤਰ : ਸਾਥੀਓ, ਹੁਣ ਸਿਰਫ ਚੋਣਵੇਂ ਤਿੰਨ ਗੀਤ ਪੇਸ਼ ਕੀਤੇ ਜਾਣਗੇ। ਖ਼ੁਸ਼ੀ ਵਾਲੀ ਖ਼ਬਰ-ਆਪਣੇ ਇਲਾਕੇ ਦੇ ਹਰਮਨ ਪਿਆਰੇ ਨੇਤਾ ਤਸ਼ਰੀਫ ਫਰਮਾ ਹੋ ਰਹੇ ਨੇ (ਨੇਤਾ ਆਉਂਦਾ ਹੈ, ਜਿਸ ਦੇ ਗਲ ਵਿੱਚ ਫੁੱਲਾਂ ਦੇ ਹਾਰ ਹਨ) ਹਾਜ਼ਰੀਨ, ਇੰਤਜ਼ਾਰ ਦੀਆਂ ਘੜੀਆਂ ਖਤਮ ਹੋ ਗਈਆਂ। ਅੱਜ ਦੇ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਤੁਹਾਡੇ ਮਹਿਬੂਬ ਨੇਤਾ ਜੀ ਅਤਿ ਦੇ ਰੁਝੇਵਿਆਂ ਨੂੰ ਛੱਡ ਕੇ ਆਪ ਜੀ ਪਾਸ ਪਹੁੰਚੇ ਨੇ -ਸਿਰਫ਼ ਤੁਹਾਡਾ ਪਿਆਰ ਹਾਸਲ ਕਰਨ। ਮੈਂ ਆਪ ਸਭ ਵੱਲੋਂ ਇਹਨਾਂ ਨੂੰ ਜੀ ਆਇਆਂ ਕਹਿੰਦਾ ਹਾਂ (ਨੇਤਾ ਹਾਰ ਲਾਹ ਕੇ ਕੁਰਸੀ ਤੇ ਬੈਠ ਜਾਂਦਾ ਹੈ) ਤੇ ਹੁਣ ਇੱਕ ਖਾਸ ਆਈਟਮ-ਮਿਸਟਰ ਬਿੱਟੂ ਪੇਸ਼ ਕਰਨ ਜਾ ਰਿਹੈ-ਮੈਨੂੰ ਮੁੰਦਰੀ ਦੇ ਜਾ ਮਾਹੀਆ ਵੇ.....

ਬਿੱਟੂ : (ਗਾਉਂਦਾ ਹੋਇਆ) ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ। ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ.....

ਨੇਤਾ : (ਗੁੱਸੇ ਵਿੱਚ) ਇਹ ਕੀ ? (ਸਿਆਣਾ ਆ ਜਾਂਦਾ ਹੈ)

ਸਿਆਣਾ : ਗਾਈ ਜਾ ਬਿੱਟੂ।

ਬਿੱਟੂ : ਸੁਣ ਲਵੋ ਕਾਂਗੋ ਅਸਾਂ ਕਰਨਾ ਤੁਹਾਨੂੰ ਪੁੱਠੇ<br>ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ<br>ਰੋਟੀ ਬੱਚਿਆਂ ਦੇ ਹੱਥਾਂ ਵਿੱਚੋਂ ਖੋਹਣ ਵਾਲਿਓ।

ਸਕੱਤਰ : ਬੰਦ ਕਰੋ ਬਕਵਾਸ

ਆਵਾਜ਼ਾਂ : ਪੇਟ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ।

ਨੇਤਾ : ਇਹ ਆਵਾਜ਼ਾਂ ਕਿਧਰੋਂ ਆ ਰਹੀਆਂ ਨੇ ?

ਸਕੱਤਰ : ਹਾਂ, ਇਹਨਾਂ ਆਵਾਜ਼ਾਂ ਵਿੱਚ ਗੁੱਸਾ...ਮੈਨੂੰ ਡਰ ਲੱਗ ਰਿਹੈ। ਇਹ ਆਵਾਜ਼ਾਂ ਤੁਹਾਡੇ ਗੁਦਾਮਾਂ ਵੱਲੋਂ....

ਨੇਤਾ : (ਭੈ ਭੀਤ ਹੁੰਦਾ ਹੋਇਆ) ਸੈਕਟਰੀ, ਚੱਲ ਇਥੋਂ (ਦੋਵੇਂ ਦੌੜ ਜਾਂਦੇ ਹਨ)

ਬਿੱਟੂ : ਇਸ ਧਰਤੀ ਦੇ ਸਾਰੇ ਕਾਮੇ<br>ਕਿਸਮਤ ਖੁਦ ਬਣਾਉਣਗੇ।<br>ਖ਼ੂਨ ਪਸੀਨੇ ਦੀ ਮਹਿਕ ਨਾਲ<br>ਗ੍ਰਹਿਸਤ ਦਾ ਗੱਡਾ ਚਲਾਉਣਗੇ<br>ਗ੍ਰਹਿਸਤ ਦਾ..<br>(ਹਨੇਰਾ ਹੋ ਜਾਂਦਾ ਹੈ)

# ਨਿਬੰਧ



## ਬੱਚਿਆਂ ਨੂੰ ਘਰੇਲੂ ਕੰਮਾਂ ਦੀ ਆਦਤ ਪਾਓ

**ਡਾ. ਨਿਸ਼ਾਨ ਸਿੰਘ ਰਾਠੌਰ**

ਹਰ ਮਾਂ-ਪਿਓ ਦਾ ਸੁਫ਼ਨਾ ਹੁੰਦਾ ਹੈ ਕਿ ਉਹਨਾਂ ਦੇ ਬੱਚੇ ਆਪਣੀ ਜ਼ਿੰਦਗੀ ਵਿੱਚ ਕਾਮਯਾਬੀ ਪ੍ਰਾਪਤ ਕਰਨ। ਇਸ ਲਈ ਉਹ ਹਰ ਤਰ੍ਹਾਂ ਦੀਆਂ ਸਹੂਲਤਾਂ ਆਪਣੇ ਬੱਚਿਆਂ ਨੂੰ ਮੁਹੱਈਆ ਕਰਵਾਉਂਦੇ ਹਨ। ਬੱਚੇ ਵੀ ਚੰਗੇਰੇ ਭਵਿੱਖ ਦੀ ਆਸ ਵਿੱਚ ਪੜ੍ਹਾਈ ਕਰਨ ਨੂੰ ਵਧੇਰੇ ਤਰਜ਼ੀਹ ਦਿੰਦੇ ਹਨ। ਪ੍ਰੰਤੂ! ਪੜ੍ਹਨ- ਲਿਖਣ ਦੇ ਇਸ ਰੁਝਾਨ ਅੰਦਰ ਬੱਚੇ ਅਕਸਰ ਹੀ ਘਰੇਲੂ ਕੰਮਾਂ ਤੋਂ ਘੇਸਲ ਵੱਟ ਲੈਂਦੇ ਹਨ/ ਕਿਨਾਰਾ ਕਰ ਲੈਂਦੇ ਹਨ। ਮਾਂ- ਪਿਓ ਵੀ ਬੱਚਿਆਂ ਨੂੰ ਘਰੇਲੂ ਕੰਮਾਂ ਦੀ ਆਦਤ ਨਹੀਂ ਪਾਉਂਦੇ, ਜਿਹੜੀ ਅੱਗੇ ਚੱਲ ਕੇ ਬੱਚਿਆਂ ਅਤੇ ਮਾਂ- ਪਿਓ ਦੋਹਾਂ ਲਈ ਮੁਸੀਬਤ ਦਾ ਕਾਰਨ ਬਣ ਜਾਂਦੀ ਹੈ।

ਇੱਥੇ ਸਿਰਫ਼ ਕੁੜੀਆਂ ਦੀ ਗੱਲ ਨਹੀਂ ਕੀਤੀ ਜੀ ਰਹੀ ਕਿ ਉਹਨਾਂ ਨੂੰ ਘਰੇਲੂ ਕੰਮ ਕਰਨੇ ਚਾਹੀਦੇ ਹਨ/ ਸਿੱਖਣੇ ਚਾਹੀਦੇ ਹਨ ਬਲਕਿ ਅਜੋਕੇ ਦੌਰ ਵਿੱਚ ਮੁੰਡਿਆਂ ਨੂੰ ਵੀ ਰਸੋਈ ਵਿੱਚ/ ਘਰ ਦੇ ਕੰਮਾਂ ਵਿੱਚ ਆਪਣੇ ਮਾਂ- ਪਿਓ ਦਾ ਬਰਾਬਰ ਹੱਥ ਵਟਾਉਣਾ ਚਾਹੀਦਾ ਹੈ। ਘਰ ਦੇ ਕੰਮ ਕਰਨ ਵਿੱਚ/ ਸਿੱਖਣ ਵਿੱਚ ਕੋਈ ਸੰਕੋਚ ਨਹੀਂ ਕਰਨਾ ਚਾਹੀਦਾ। ਹੱਥੀਂ ਕੰਮ ਕਰਨ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ।

ਖ਼ਬਰੇ! ਇਸੇ ਕਰਕੇ ਗੁਰਬਾਣੀ ਵਿੱਚ ਵੀ ਹੱਥੀਂ ਕੰਮ ਕਰਨ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਗੁਰੂ ਸਾਹਿਬ ਆਖਦੇ ਹਨ ਕਿ ਆਪਣੇ ਕੰਮ ਆਪ ਕਰਨ ਵਾਲਾ ਵਿਅਕਤੀ ਹੀ ਅਸਲ ਅਰਥਾਂ ਵਿੱਚ ਪ੍ਰਭੂ ਦੇ ਹੁਕਮ ਨੂੰ ਸਵੀਕਾਰ ਕਰਨ ਵਾਲਾ ਮਨੁੱਖ ਹੁੰਦਾ ਹੈ;

"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।।"(ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 474)

ਆਪਣੇ ਕੰਮ ਆਪਣੇ ਹੱਥੀਂ ਕੰਮ ਕਰਨ ਦਾ ਨਫ਼ਾ ਇਹ ਹੁੰਦਾ ਹੈ ਕਿ ਬੱਚੇ ਜਦੋਂ ਉੱਚੇਰੀ ਸਿੱਖਿਆ ਜਾਂ ਰੁਜ਼ਗਾਰ ਦੀ ਖ਼ਾਤਿਰ! ਘਰ ਤੋਂ ਦੂਰ ਜਾਂਦੇ ਹਨ ਤਾਂ ਉਹਨਾਂ ਨੂੰ ਰੋਟੀ- ਟੁੱਕ ਕਰਨ ਵਿੱਚ ਕੋਈ ਪਰੇਸ਼ਾਨੀ ਨਹੀਂ ਹੁੰਦੀ। ਪ੍ਰੰਤੂ! ਅੱਜਕਲ੍ਹ ਦੇ ਬੱਚੇ ਪਾਣੀ ਦੇ ਗਲਾਸ ਲਈ ਵੀ ਨਹੀਂ ਉੱਠਦੇ ਅਤੇ ਆਪਣੇ ਮਾਂ- ਪਿਓ 'ਤੇ ਨਿਰਭਰ ਰਹਿੰਦੇ ਹਨ। ਬੱਚਿਆਂ ਨੂੰ ਰੋਟੀ- ਪਾਣੀ ਆਪਣੇ ਕਮਰੇ ਵਿੱਚ ਆਪਣੇ ਬਿਸਤਰੇ 'ਤੇ ਚਾਹੀਦਾ ਹੈ। ਉਹ ਅਕਸਰ ਰਸੋਈ ਤੱਕ ਵੀ ਉੱਠ ਕੇ ਜਾਣ ਦੀ ਖੇਚਲ ਨਹੀਂ ਕਰਦੇ। ਮਾਂ- ਪਿਓ ਵੀ ਇਹਨਾਂ ਗੱਲਾਂ ਵੱਲ ਵਧੇਰੇ ਧਿਆਨ ਨਹੀਂ ਦਿੰਦੇ। ਨਤੀਜਨ, ਬੱਚੇ ਆਲਸੀ ਅਤੇ ਆਰਾਮਪ੍ਰਸਤ ਹੋ ਜਾਂਦੇ ਹਨ ਅਤੇ ਘਰ ਦੇ ਕੰਮਾਂ ਤੋਂ ਕਿਨਾਰਾ ਕਰ ਲੈਂਦੇ ਹਨ।

ਰੋਟੀ ਖਾਣ ਤੋਂ ਬਾਅਦ ਖਾਲੀ ਭਾਂਡੇ ਰਸੋਈ 'ਚ ਰੱਖਣ ਅਤੇ ਆਪਣਾ ਬਿਸਤਰਾ



ਆਪ ਵਿਛਾਉਣ 'ਚ ਸਿਰਫ਼ ਇੱਕ- ਅੱਧੇ ਮਿੰਟ ਦਾ ਸਮਾਂ ਲੱਗਦਾ ਹੈ ਪ੍ਰੰਤੂ! ਅਫ਼ਸੋਸ ਅੱਜਕਲ੍ਹ ਦੇ ਬਹੁਤੇ ਬੱਚਿਆਂ ਨੂੰ ਇਹਨਾਂ ਕੰਮਾਂ ਦੀ ਵੀ ਆਦਤ ਨਹੀਂ ਹੁੰਦੀ।

ਕੰਮ ਦੀ ਸਜ਼ਾ ਨਾ ਦਿਓ :-

ਇੱਥੇ ਖ਼ਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮਾਂ- ਪਿਓ ਵੱਲੋਂ ਕਦੇ ਵੀ ਬੱਚਿਆਂ ਕੋਲੋਂ ਘਰੇਲੂ ਕੰਮ ਸਜ਼ਾ ਦੇ ਤੌਰ 'ਤੇ ਨਹੀਂ ਕਰਵਾਉਣਾ ਚਾਹੀਦਾ ਬਲਕਿ ਜ਼ੁੰਮੇਵਾਰੀ ਅਤੇ ਯੋਗਦਾਨ ਦੇ ਤੌਰ 'ਤੇ ਕਰਵਾਉਣੇ ਚਾਹੀਦੇ ਹਨ। ਸਜ਼ਾ ਦੇ ਤੌਰ 'ਤੇ ਦਿੱਤੇ ਗਏ ਕੰਮ ਨੂੰ ਬੱਚੇ ਉਸ ਸਮੇਂ ਤਾਂ ਡਰ ਜਾਂ ਗੁੱਸੇ ਵਿੱਚ ਕਰ ਦੇਣਗੇ ਪਰ! ਭਵਿੱਖ ਵਿੱਚ ਉਹ ਕੰਮ ਨੂੰ ਹੱਥ ਨਹੀਂ ਲਗਾਉਣਗੇ।

ਕੰਮ ਦੀ ਅਹਿਮੀਅਤ ਬਾਰੇ ਦੱਸੋ :-

ਇੱਕ ਸਰਵੇ ਅਨੁਸਾਰ, ਭਾਰਤ ਵਿੱਚ ਹਰ ਬੱਚਾ ਹਫ਼ਤੇ ਵਿੱਚ ਲਗਭਗ 14 ਘੰਟੇ ਟੈਲੀਵਿਜ਼ਨ ਦੇਖਦਾ ਹੈ ਪ੍ਰੰਤੂ! ਘਰ ਦੇ ਕੰਮ ਕਰਨ ਲਈ 10 ਮਿੰਟ ਵੀ ਨਹੀਂ ਕੱਢਦਾ। ਇਹ ਬਹੁਤ ਮਾੜਾ ਅਤੇ ਅਫ਼ਸੋਸਜਨਕ ਰੁਝਾਨ ਹੈ। ਮਾਂ- ਪਿਓ ਨੂੰ ਇਹਨਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਕੰਮ ਦੀ ਅਹਿਮੀਅਤ ਬਾਰੇ ਦੱਸਣਾ ਚਾਹੀਦਾ ਹੈ/ ਜਾਣਕਾਰੀ ਦੇਣੀ ਚਾਹੀਦੀ ਹੈ।

ਮੈਰੀ ਪੋਪਿੰਸ ਦਾ ਇੱਕ ਵਾਕ ਹੈ, "ਹਰ ਕੰਮ ਜਿਹੜਾ ਕੀਤਾ ਜਾਣਾ ਚਾਹੀਦਾ ਹੈ, ਉਸ ਵਿੱਚ ਆਨੰਦ ਦਾ ਇੱਕ ਤੱਤ ਹੁੰਦਾ ਹੈ।

ਇਸ ਤਰ੍ਹਾਂ ਦੀਆਂ ਮਿਸਾਲਾਂ ਨਾਲ ਬੱਚਿਆਂ ਵਿੱਚ ਕੰਮ ਕਰਨ ਦੀ ਇੱਛਾ ਨੂੰ ਵਧਾਇਆ ਜਾ ਸਕਦਾ ਹੈ/ ਪੈਦਾ ਕੀਤਾ ਜਾ ਸਕਦਾ ਹੈ।

ਲਾਡ- ਪਿਆਰ ਵੱਸ ਆਦਤ ਨਾ ਵਿਗਾੜੋ :-

ਹੈਰਾਨੀ ਅਤੇ ਦੁੱਖ ਭਰੀ ਗੱਲ ਇਹ ਹੈ ਕਿ ਅੱਜ ਦੇ ਮਾਂ- ਪਿਓ ਵੀ ਆਪਣੇ ਬੱਚਿਆਂ ਨੂੰ ਕਿਸੇ ਕੰਮ ਲਈ ਨਹੀਂ ਕਹਿੰਦੇ। ਇਸਦਾ ਮੂਲ ਕਾਰਨ ਹੈ ਕਿ ਮਾਂ- ਪਿਓ ਲਾਡ- ਪਿਆਰ ਦੇ ਵੱਸ ਆਪਣੇ ਬੱਚਿਆਂ ਨੂੰ ਕੋਈ ਦਿੱਕਤ- ਪਰੇਸ਼ਾਨੀ ਨਹੀਂ ਦੇਣਾ ਚਾਹੁੰਦੇ। ਪ੍ਰੰਤੂ! ਇਹ ਬਹੁਤ ਗਲਤ ਗੱਲ ਹੈ। ਇਸ ਨਾਲ ਭਵਿੱਖ ਵਿੱਚ ਬੱਚਿਆਂ ਦੀ ਆਦਤ ਵਿਗੜ ਜਾਂਦੀ ਹੈ ਅਤੇ ਉਹ ਹਰ ਘਰੇਲੂ ਕਾਰਜ ਲਈ ਆਪਣੇ ਮਾਂ- ਪਿਓ 'ਤੇ ਨਿਰਭਰ ਹੋ ਜਾਂਦੇ ਹਨ। ਇਸ ਨਾਲ ਬੱਚੇ ਜਿੱਥੇ ਸਰੀਰਕ ਰੂਪ ਵਿੱਚ ਕਮਜ਼ੋਰ ਰਹਿੰਦੇ ਹਨ ਉੱਥੇ ਹੀ ਮਾਨਸਿਕ ਰੂਪ ਵਿੱਚ ਮਜ਼ਬੂਤ ਨਹੀਂ ਬਣ ਪਾਉਂਦੇ। ਇਸ ਦੇ ਜ਼ਿੰਮੇਵਾਰ ਮਾਂ- ਪਿਓ ਖ਼ੁਦ ਹੁੰਦੇ ਹਨ ਕਿਉਂਕਿ ਜੇਕਰ ਉਹਨਾਂ ਨੇ ਨਿੱਕੇ ਹੁੰਦਿਆਂ ਤੋਂ ਬੱਚਿਆਂ ਨੂੰ ਅਜਿਹੀ ਆਦਤ ਪਾਈ ਹੁੰਦੀ ਤਾਂ ਅੱਜ ਬੱਚਿਆਂ ਨੂੰ ਹੱਥੀਂ ਕੰਮ ਕਰਨ ਦੀ ਆਦਤ ਪੈ ਚੁਕੀ ਹੁੰਦੀ ਅਤੇ ਉਹ ਆਪਣੇ ਕੰਮਾਂ ਲਈ ਮਾਂ- ਪਿਓ 'ਤੇ ਨਿਰਭਰ ਨਾ ਹੁੰਦੇ।

ਬਰੂਸ ਕੈਮਰੂਨ ਅਨੁਸਾਰ, "ਜਦੋਂ ਬੱਚਿਆਂ ਤੇ ਘਰ ਦੀ ਜ਼ੁੰਮੇਵਾਰੀ ਨਹੀਂ ਹੁੰਦੀ ਤਾਂ ਉਹਨਾਂ 'ਚ ਸਬਰ ਅਤੇ ਲਚੀਲੇਪਨ ਦੀ ਘਾਟ ਹੁੰਦੀ ਹੈ। ਉਹ ਬਹੁਤ ਛੇਤੀ ਨਿਰਾਸ਼ ਹੋ ਜਾਂਦੇ ਹਨ। ਉਹਨਾਂ ਨੂੰ ਭਵਿੱਖ ਦੇ ਟੀਚੇ ਨਿਰਧਾਰਤ ਕਰਨ ਵਿੱਚ ਕਠਿਨਾਈ ਹੁੰਦੀ ਹੈ ਅਤੇ ਉਹ ਛੇਤੀ ਕੀਤੇ ਸੰਤੁਸ਼ਟ ਨਹੀਂ ਹੁੰਦੇ।

ਸੇਹਤਮੰਦ ਅਤੇ ਕਾਮਯਾਬੀ ਦਾ ਰਾਜ਼ :-

ਇਸ ਲਈ ਜੇਕਰ ਮਾਂ- ਪਿਓ ਆਪਣੇ ਬੱਚਿਆਂ ਨੂੰ ਸੇਹਤਮੰਦ ਅਤੇ ਕਾਮਯਾਬ ਬਣਾਉਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਹੱਥੀਂ ਕੰਮ ਕਰਨ ਦੀ ਆਦਤ ਪਾਉਣ। ਇਸ ਨਾਲ ਬੱਚਿਆਂ ਵਿੱਚ ਆਤਮਵਿਸ਼ਵਾਸ ਵੱਧੇਗਾ ਅਤੇ ਉਹ ਜ਼ਿੰਦਗੀ ਦੀਆਂ ਨਿੱਕੀਆਂ- ਮੋਟੀਆਂ ਔਕੜਾਂ ਨੂੰ ਸਹਿਣ ਦੇ ਕਾਬਲ ਬਣ ਸਕਣਗੇ।

ਆਖ਼ਰ ਵਿੱਚ ਕਿਹਾ ਜਾ ਸਕਦਾ ਹੈ ਕਿ ਜੇਕਰ ਮਾਂ- ਪਿਓ ਚਾਹੁਣ ਤਾਂ ਆਪਣੇ ਬੱਚਿਆਂ ਨੂੰ ਹੱਥੀਂ ਕੰਮ ਕਰਨ ਦੀ ਆਦਤ ਪਾ ਸਕਦੇ ਹਨ। ਬੱਚਿਆਂ ਦੇ ਚੰਗੇ ਅਤੇ ਰੌਸ਼ਨ ਭਵਿੱਖ ਲਈ ਮਾਂ- ਪਿਓ ਨੂੰ ਇਹ ਕਾਰਜ ਅੱਜ ਤੋਂ ਹੀ ਆਰੰਭ ਕਰ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਵੀ ਆਪਣੇ ਨਿੱਕੇ- ਮੋਟੇ ਕੰਮ ਆਪ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਪ੍ਰੰਤੂ! ਇਹ ਹੁੰਦਾ ਕਦੋਂ ਹੈ?, ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

**#1054/1, ਵਾ: ਨੰ: 15- ਏ,**
**ਭਗਵਾਨ ਨਗਰ ਕਾਲੌਨੀ,**
**ਪਿੱਪਲੀ, ਕੁਰੂਕਸ਼ੇਤਰ (ਹਰਿਆਣਾ)**
**ਸੰਪਰਕ: 90414-98009**

◆◆◆



## ਭੇਡ ਚਾਲ ਕਿ ਫੈਸ਼ਨ !

**ਐਡਵੋਕੇਟ ਦਰਸ਼ਨ ਸਿੰਘ ਰਿਆੜ**

ਆਧੁਨਿਕ ਦੌਰ ਇਸ਼ਤਿਹਾਰਬਾਜ਼ੀ ਅਤੇ ਵਿਖਾਵੇ ਦਾ ਯੁਗ ਹੈ, ਫੇਸਬੁੱਕ ਅਤੇ ਸੋਸ਼ਲ ਮੀਡੀਏ ਦਾ ਜ਼ਮਾਨਾ ਹੈ। ਕਦੇ ਉਹ ਵੇਲਾ ਹੁੰਦਾ ਸੀ ਕਿ ਕਿਸੇ ਦੇ ਘਰ ਕੀ ਰਿੱਝਦਾ ਪੱਕਦਾ ਹੈ, ਉਹ ਕੀ ਖਾ ਰਹੇ ਹਨ, ਘਰ ਵਿੱਚ ਹਨ ਕਿ ਜਾਂ ਬਾਹਰ ਅੰਦਰ ਗਏ ਹੋਏ ਹਨ, ਸਭ ਕੁਝ ਗੁਪਤ ਜਿਹਾ ਹੁੰਦਾ ਸੀ। ਵਿਆਹ ਸ਼ਾਦੀਆਂ ’ਤੇ ਜਾਣ ਦਾ ਪਤਾ ਵੀ ਘਰ ਵਾਲਿਆਂ ਨੂੰ ਹੀ ਹੁੰਦਾ ਸੀ ਜਾਂ ਫਿਰ ਕਿਸੇ ਖ਼ਾਸ ਮਿੱਤਰ ਜਾਂ ਸਕੇ ਸੰਬੰਧੀ ਨੂੰ। ਹੁਣ ਤਾਂ ਲੋਕ ਵਿਖਾਵੇ ਦੇ ਇੰਹਨ ਸ਼ੌਕੀਨ ਹੋ ਗਏ ਹਨ ਕਿ ਜਦੋਂ ਤਕ ਖਾਧੀ ਪੀਤੀ ਦੀ ਗੱਲ ਜਾਂ ਫਿਰ ਨਵੇਂ ਫੈਸ਼ਨ ਦੇ ਕੱਪੜੇ ਪਹਿਹਨ ਹੋਣ ਦੀ ਵੀਡੀਓ ਫੇਸਬੁੱਕ ਉੱਪਰ ਲੋਡ ਨਾ ਕੀਤੀ ਜਾਵੇ, ਤਦ ਤਕ ਰੋਟੀ ਹਜ਼ਮ ਹੀ ਨਹੀਂ ਹੁੰਦੀ। ਕਿਹੋ ਜਿਹਾ ਚੰਦਰਾ ਜ਼ਮਾਨਾ ਆ ਗਿਆ ਏ, ਜਿਹੜੀਆਂ ਗੱਲਾਂ ਦਾ ਪਤਾ ਘਰ ਵਾਲਿਆਂ ਨੂੰ ਵੀ ਨਹੀਂ ਹੁੰਦਾ, ਉਹ ਆਮ ਲੋਕਾਂ ਤਕ ਜੰਗਲ ਦੀ ਅੱਗ ਵਾਂਗ ਫੈਲ ਗਈਆਂ ਹੁੰਦੀਆਂ ਹਨ। ਬੌਲੀਵੁੱਡ ਹੋਵੇ ਜਾਂ ਹਾਲੀਵੁੱਡ, ਇਨ੍ਹਾਂ ਦੇ ਹੀਰੋ ਅਤੇ ਹੀਰੋਇਨਾਂ, ਮੰਨਿਆ ਮਸ਼ਹੂਰ ਹੁੰਦੇ ਹਨ, ਉਹਨਾਂ ਦੇ ਇੱਕ ਦੂਜੇ ਨਾਲ ਇਸ਼ਕ-ਮੁਸ਼ਕ ਦੇ ਕਿਸੇ ਕਹਾਣੀਆਂ ਤਾਂ ਪ੍ਰਸਿੱਧ ਹੋਣੇ ਹੀ ਹੁੰਦੇ ਹਨ, ਗਰਭ ਧਾਰਨ ਕਰਨ ਦੀਆਂ ਖ਼ਬਰਾਂ ਵੀ ਅਖਬਾਰੀ ਸੁਰਖ਼ੀਆਂ ਬਣ ਜਾਂਦੀਆਂ ਹਨ। ਨਾ ਕੋਈ ਸੰਗ ਤੇ ਨਾ ਕੋਈ ਸ਼ਰਮ! ਘਰ ਵਿੱਚ ਨਵਾਂ ਜੀਅ ਆਉਣ ਦਾ ਚਾਅ ਤਾਂ ਭਾਵੇਂ ਸਾਰਿਆਂ ਨੂੰ ਹੀ ਹੁੰਦਾ ਹੈ ਤੇ ਇਹ ਇੱਕ ਕੁਦਰਤੀ ਪ੍ਰਕਿਰਿਆ ਵੀ ਹੈ, ਪਰ



ਪਹਿਲਾਂ ਇਸਦਾ ਪਤਾ ਬੱਚੇ ਦੇ ਜਨਮ ਹੋਣ ਤੇ ਹੀ ਲਗਦਾ ਸੀ। ਹੁਣ ਤਾਂ ...। ਦੋਸਤ ਮਿੱਤਰ ਬਣਨਾ ਅਤੇ ਦੋਸਤੀ ਪੁਗਾਉਣੀ ਉਂਜ ਤਾਂ ਮਨੁੱਖੀ ਫ਼ਿਤਰਤ ਹੈ, ਆਧੁਨਿਕਤਾ ਦੇ ਦੌਰ ਨਾਲ ਹੁਣ ਇਸਤਰੀ-ਮਰਦ, ਬੁੱਢੇ ਤੇ ਬੱਚੇ, ਵਿਆਹੇ, ਕੁਆਰੇ ਤੇ ਛੜੇ ਸਭ ਨੂੰ ਦੋਸਤੀ ਦਾ ਬੁਖ਼ਾਰ ਚੜ੍ਹਿ ਆ ਹੋਇਆ ਹੈ। ਰਿਸ਼ਤੇ ਨਾਤੇ ਵੀ ਹੁਣ ਤਾਂ ਦੋਸਤੀ ਦੇ ਅਧਾਰ ’ਤੇ ਹੀ ਤੈਅ ਹੋਣ ਲੱਗ ਪਏ ਹਨ। ਉਂਜ ਇੱਕ ਗੱਲੋਂ ਇਹ ਲਾਭਕਾਰੀ ਵੀ ਹੈ ਕਿ ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ! ਦੋਵੇਂ ਧਿਰਾਂ ਇੱਕ ਦੂਜੇ ਨੂੰ ਜਾਣਦੇ ਬੁੱਝਦੇ ਹੋਣ, ਇੱਕ ਦੂਜੇ ਦੀਆਂ ਆਦਤਾਂ ਤੋਂ ਜਾਣੂ ਹੋਣ ਤਾਂ ਬਾਅਦ ਵਿੱਚ ਕਿਸੇ ਝਗੜੇ ਦਾ ਡਰ ਨਹੀਂ ਰਹਿੰਦਾ। ਪਰ ਡੁੱਬੀ ਤਾਂ ਜੇ ਸਾਹ ਨਾ ਆਇਆ? ਅਜਿਹੇ ਰਿਸ਼ਤੇ ਧੁਰ ਕਿੱਥੇ ਚੜ੍ਹਦੇ ਹਨ। ਯਾਰੀ ਲੱਗਦੀ ਬਾਅਦ ਵਿੱਚ ਹੈ ਤੇ ਟੁੱਟ ਪਹਿਲਾਂ ਜਾਂਦੀ ਹੈ। ਫਿਰ ਮਨ ਮੁਟਾਵ, ਮੂੰਹ ਮੋਟਾ! ਹੋਰ ਤਾਂ ਹੋਰ, ਸਭ ਤੋਂ ਪਹਿਲਾਂ ਤਾਂ ਫ਼ੋਨ ਬਲੌਕ ਹੁੰਦੇ ਹਨ। ਫਿਰ ਇੱਕ ਦੂਜੇ ਵਿਰੁੱਧ ਰੱਜ ਕੇ ਭੜਾਸ ਵੀ ਕੱਢਦੇ ਹਨ। ਵੰਨ ਸੁਵੰਨੀਆਂ ਟੂਕਾਂ ਅਤੇ ਮੁਹਾਵਰੇ ਸੁਣਨ ਨੂੰ ਮਿਲਦੇ ਹਨ, “ਲੱਗੀ ਨਾਲੋਂ ਟੁੱਟੀ ਚੰਗੀ ਬੇਕਦਰਾਂ ਦੀ ਯਾਰੀ, ਤੇ ਟੁੱਟ ਗਈ ਤੜੱਕ ਕਰਕੇ ...”ਜਾਂ ਫਿਰ “ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁੱਟੀ”ਵਗੈਰਾ!

ਰਿਲੇਸ਼ਨਸ਼ਿੱਪ ਵਿੱਚ ਰਹਿਣਾ ਅੱਜਕੱਲ੍ਹ ਵਿਆਹ ਸ਼ਾਦੀ ਤੋਂ ਬਿਨਾਂ ਹੀ ਸ਼ਾਦੀ ਵਾਲੇ ਬੰਧਨ ਵਿੱਚ ਰਹਿਣਾ, ਬੱਚੇ ਵੀ ਪੈਦਾ ਕਰ ਲੈਣੇ ਤੇ ਫਿਰ ਅਚਾਨਕ ਪਈ ਬਰੇਕ ਕਾਰਨ ਸਭ ਕੁਝ ਖਿੱਲਰ ਪੁੱਲਰ ਜਾਣਾ! ਇਹਨੂੰ ਕਹਿੰਦੇ ਹਨ ਆਧੁਨਿਕਤਾ। ਪੰਜਾਹ ਤੋਂ ਟੱਪੀਆਂ ਬੀਬੀਆਂ ਅਤੇ ਸੱਤਰਾਂ ਤੋਂ ਉੱਪਰ ਉਮਰ ਦੇ ਬਾਬੇ ਵੀ ਬੜੇ ਸ਼ੌਕ ਨਾਲ ਦੱਸਦੇ ਹਨ ਕਿ ਅਸੀਂ ਤਾਂ ਰਿਲੇਸ਼ਨ ਵਿੱਚ ਹਾਂ। ਕੋਈ ਦੂਸਰੇ ਰਿਲੇਸ਼ਨ ਸ਼ਿੱਪ ਵਿੱਚ ਹੈ ਤੇ ਕੋਈ ਤੀਸਰੇ ਵਿੱਚ! ਵਿਆਹਾਂ ਦੇ ਬਾਅਦ ਤਾਂ ਤਲਾਕ ਹੁੰਦੇ ਸਨ ਤੇ ਤਲਾਕ ਦੇ ਲੰਬੇ ਇੰਤਜ਼ਾਰ ਬਾਅਦ ਦੋਹਾਂ ਧਿਰਾਂ ਨੂੰ ਅਜ਼ਾਦੀ ਮਿਲਦੀ ਸੀ, ਫਿਰ ਕਿਤੇ ਜਾ ਕੇ ਉਹ ਨਵੇਂ ਸਿਰੇ ਤੋਂ ਜ਼ਿੰਦਗੀ ਅਰੰਭਣ ਦੇ ਯੋਗ ਹੁੰਦੇ ਸਨ। ਤਲਾਕ ਤਾਂ ਉਂਜ ਹੀ ਪੱਛਮੀ ਕਲਚਰ ਦੀ ਉਪਜ ਸੀ, ਆਧੁਨਿਕਤਾ ਨਾਲ ਸਾਡੇ ਭਾਰਤੀ ਕਲਚਰ ਵਿੱਚ ਵੀ ਇਵੇਂ ਆਣ ਘੁਸਿਆ ਹੈ ਕਿ ਦੇਸ਼ ਭਰ ਦੀਆਂ ਅਦਾਲਤਾਂ ਤਲਾਕ ਦੇ ਮੁਕੱਦਮਿਆਂ ਨਾਲ ਭਰੀਆਂ ਪਈਆਂ ਹਨ। ਇਨ੍ਹਾਂ ਪਰਿਵਾਰਕ ਝਗੜਿਆਂ ਨੂੰ ਨਿਬੇੜਨ ਵਾਸਤੇ ਸਪੈਸ਼ਲ ਫੈਮਲੀ ਕੋਰਟਾਂ ਦਾ ਗਠਨ ਵੀ ਕੀਤਾ ਗਿਆ ਹੈ। ਫਿਰ ਵੀ ਵਿਆਹ ਸ਼ਾਦੀ ਦੇ ਝਗੜਿਆਂ ਤੋਂ ਉਪਜੇ ਮੁਕੱਦਮਿਆਂ ਦੀ ਇੰਨੀ ਭਰਮਾਰ ਹੈ ਕਿ ਸਾਲਾਂ ਬੱਧੀ ਲਟਕਣ ਬਾਅਦ ਵੀ ਮਸਲੇ ਹੱਲ ਨਹੀਂ ਹੁੰਦੇ। ਭਾਰਤੀ ਕਲਚਰ ਵਿੱਚ ਤਾਂ ਤਲਾਕ ਦਾ ਕੋਈ ਨਾਂ ਪਤਾ ਹੀ ਨਹੀਂ ਸੀ ਜਾਣਦਾ ਹੁੰਦਾ। ਜਿਸ ਘਰ ਜ਼ਨਾਨੀ ਵਿਆਹ ਕੇ ਆਈ ਹੁੰਦੀ ਸੀ ਉਸੇ ਘਰੋਂ ਹੀ ਉਸ ਦੀ ਅਰਥੀ ਉੱਠਦੀ ਹੁੰਦੀ ਸੀ। ਅਜ਼ਾਦੀ ਦੇ ਖੁੱਲ੍ਹ ਖੁਲਾਸੇ ਨਾਲ ਹਉਮੈਂ ਅਤੇ ਈਗੋ ਦੀ ਭਾਵਨਾ ਵੀ ਪਰਿਵਾਰਕ ਝਗੜਿਆਂ ਦਾ ਮੁੱਖ ਕਾਰਨ ਬਣੀ ਹੋਈ ਹੈ। ਅਜ਼ਾਦੀ ਨਾਲ ਔਰਤ ਤੇ ਮਰਦ ਦੋਵੇਂ ਬਰਾਬਰਤਾ ਦੀ ਮਹੱਤਤਾ ਸਮਝਦੇ ਹੋਏ ਸਬਰ ਅਤੇ ਸੰਜਮ ਨਾਲ ਰਹਿਣ ਤੋਂ ਮੁਨਕਰ ਹੋਣ ਲੱਗ ਪਏ ਹਨ। ਸਹਿਣਸ਼ੀਲਤਾ ਦਾ ਮਾਦਾ ਖ਼ਤਮ ਹੋਣਾ ਵੀ ਪਰਿਵਾਰਕ ਝਗੜਿਆਂ ਦਾ ਕਾਰਨ ਬਣ ਰਿਹਾ ਹੈ।

ਪੜ੍ਹ ਲਿਖ ਕੇ ਸਿਆਣੇ ਬਣਨਾ ਅਤੇ ਆਪੋ ਆਪਣੀ ਜ਼ਿੰਮੇਵਾਰੀ ਅਤੇ ਅਧਿਕਾਰਾਂ

ਬਾਰੇ ਜਾਣੂ ਹੋਣਾ ਵਧੀਆ ਗੱਲ ਹੈ। ਅਜਿਹਾ ਗ੍ਰਹਿਸਤੀ ਦੀ ਗੱਡੀ ਦੀ ਸਫਲਤਾ ਲਈ ਜ਼ਰੂਰੀ ਵੀ ਹੈ ਪਰ ਜਦੋਂ ਹੈਂਕੜਬਾਜ਼ੀ ਉਤਪੰਨ ਹੋਣ ਲੱਗ ਪਵੇ ਤੇ ਬਰਦਾਸ਼ਤ ਕਰਨ ਦਾ ਮਾਦਾ ਨਾ ਰਹੇ ਤਾਂ ਪੜ੍ਹੇ ਲਿਖੇ ਲੋਕ ਕਿੱਥੇ ਸਮਝਦੇ ਹਨ ? ਇਹੀ ਕਾਰਨ ਹੈ ਕਿ ਅੱਜਕੱਲ੍ਹ ਉੱਚ ਪੱਧਰ ਦੇ ਪੜ੍ਹੇ ਲਿਖੇ ਜੋੜਿਆਂ ਦੇ ਤਲਾਕ ਵਧੇਰੇ ਹੁੰਦੇ ਹਨ। ਉਹਨਾਂ ਲੋਕਾਂ ਵਿੱਚ ਸ਼ੱਕ ਅਤੇ ਈਰਖਾ ਜ਼ਿਆਦਾ ਹੁੰਦੀ ਹੈ। ਸ਼ੱਕ ਅਤੇ ਈਰਖਾ ਘਰਾਂ ਨੂੰ ਤਬਾਹ ਕਰਕੇ ਰੱਖ ਦਿੰਦੀ ਹੈ। ਵਿਆਹ ਪਿਆਰ ਦੇ ਨਤੀਜੇ ਵਾਲੇ ਅਰਥਾਤ ਲਵ-ਮੈਰਿਜ 'ਤੇ ਅਧਾਰਤ ਹੋਣ ਜਾਂ ਫਿਰ ਪਰਿਵਾਰਕ ਰਜ਼ਾਮੰਦੀ ਅਨੁਸਾਰ ਤੈਅ ਕਰਨ ਅਨੁਸਾਰ, ਉਹਨਾਂ ਵਿੱਚ ਉਤਪੰਨ ਹੋਏ ਝਗੜੇ ਜਾਂ ਤਾਂ ਰਿਸ਼ਤੇਦਾਰ ਤੇ ਸੰਬੰਧੀਆਂ ਦੀ ਦਖ਼ਲਅੰਦਾਜ਼ੀ ਨਾਲ ਹੱਲ ਹੋ ਜਾਂਦੇ ਸਨ ਜਾਂ ਫਿਰ ਪੰਚਾਇਤਾਂ ਦੇ ਦਖ਼ਲ ਦੇਣ ਨਾਲ। ਉਂਜ ਤਾਂ ਪੁਲਿਸ ਪ੍ਰਸ਼ਾਸਨ ਨੂੰ ਵੀ ਅੱਜਕੱਲ੍ਹ ਇਹ ਝਗੜੇ ਨਿਪਟਾਉਣ ਦੇ ਕੁਝ ਕੁਝ ਹੱਕ ਪ੍ਰਾਪਤ ਹਨ। ਪਰ ਆਖ਼ਰੀ ਛੁਟਕਾਰਾ ਅਦਾਲਤੀ ਕਾਰਵਾਈ ਨਾਲ ਹੀ ਹੁੰਦਾ ਹੈ। ਔਖਾ ਹੋਵੇ ਜਾਂ ਸੌਖਾ, ਗਲ ਪਿਆ ਢੋਲ ਵਜਾਉਣਾ ਹੀ ਪੈਂਦਾ ਹੈ। ਉੱਖਲੀ ਵਿੱਚ ਸਿਰ ਦੇਵਾਂਗੇ, ਮੋਹਲੇ ਤਾਂ ਵੱਜਣਗੇ ਹੀ। ਇਹ ਤਾਂ ਚਿੰਗਾੜੀ ਲੱਗਣ ਤੋਂ ਪਹਿਲਾਂ ਜਾਂ ਫਿਰ ਭੜਕਣ ਤੋਂ ਪਹਿਲਾਂ ਜਿਸਨੇ ਬਚਾ ਲਿਆ, ਓਹੀ ਭਲਾ! ਨਹੀਂ ਤਾਂ ਅਦਾਲਤਾਂ ਦੇ ਚੱਕਰ ਅਤੇ ਤਰੀਕਾਂ ਦੀ ਖੱਜਲ ਖੁਆਰੀ ਮੂੰਹ ਦੂਜੇ ਪਾਸੇ ਲਗਾ ਦਿੰਦੀ ਏ। ਇਸੇ ਲਈ ਤਾਂ ਸਾਡੇ ਕਲਚਰ ਵਿੱਚ ਇਹ ਮੁਹਾਵਰਾ ਜਿਹਾ ਬੜਾ ਹੀ ਮਸ਼ਹੂਰ ਸੀ ਕਿ ਬਿਮਾਰੀਆਂ ਅਤੇ ਮੁਕੱਦਮਿਆਂ ਤੋਂ ਤਾਂ ਰੱਬ ਹੀ ਬਚਾਵੇ! ਉਂਜ ਅੱਜਕੱਲ੍ਹ ਡਾਕਟਰ ਵੀ ਦੂਜੇ ਰੱਬ ਬਣ ਚੁੱਕੇ ਹਨ। ਮਰਦੇ ਮਰਦੇ ਨੂੰ ਬਚਾ ਦੇਣ ਦੀ ਯੋਗਤਾ ਰੱਖਦੇ ਹਨ। ਹਰ ਕੋਈ ਇਨ੍ਹਾਂ ਦੀ ਇੱਜ਼ਤ ਵੀ ਬਹੁਤ ਕਰਦਾ ਹੈ। ਪਰ ਮਹਿੰਗਾਈ ਦੇ ਇਸ ਦੌਰ ਵਿੱਚ ਇਲਾਜ ਵੀ ਬਹੁਤ ਮਹਿੰਗੇ ਹੋ ਚੁੱਕੇ ਹਨ ਤੇ ਕਈ ਡਾਕਟਰ ਵੀ ਬਹੁਤ ਲਾਲਚੀ। ਮਜਬੂਰੀ ਵੱਸ ਮਰੀਜ਼ਾਂ ਨੂੰ ਹਸਪਤਾਲਾਂ ਵੱਲ ਦੌੜਨਾ ਪੈਂਦਾ ਹੈ। ਪਰ ਤੰਦਰੁਸਤੀ ਸਮੇਂ ਜਾਂ ਉਂਜ ਚਾਹ ਕੇ ਕੋਈ ਵੀ ਡਾਕਟਰਾਂ ਵਲ ਤੱਕਣਾ ਵੀ ਨਹੀਂ ਚਾਹੁੰਦਾ। ਇਸਦਾ ਇਹ ਅਰਥ ਹਰਗਿਜ਼ ਨਹੀਂ ਕਿ ਡਾਕਟਰ ਲੋਕ ਮਾੜੇ ਹੁੰਦੇ ਹਨ ਜਾਂ ਸਾਰੇ ਹੀ ਲਾਲਚੀ ਹੁੰਦੇ ਹਨ ਪਰ ਇੱਕ ਲਿੱਬੜੀ ਮੱਝ ਸਾਰੀਆਂ ਮੱਝਾਂ ਨੂੰ ਲਬੇੜ ਦਿੰਦੀ ਹੈ।

ਇਹੀ ਹਾਲ ਵਕੀਲਾਂ ਦੇ ਪੇਸ਼ੇ ਦਾ ਹੈ। ਜਿਵੇਂ ਕਦੇ ਸ਼ਾਹਾਂ ਬਿਨਾਂ ਪੱਤ ਨਹੀਂ ਸੀ ਹੁੰਦੀ, ਉਸੇ ਤਰ੍ਹਾਂ ਵਕੀਲਾਂ ਬਿਨਾਂ ਵੀ ਅੱਜਕੱਲ੍ਹ ਗੱਤ ਨਹੀਂ ਹੁੰਦੀ। ਇੱਧਰ ਵੀ ਚੰਗੇ ਤੇ ਮਾੜੇ, ਲਾਲਚੀ ਤੇ ਦਿਆਲੂ ਹਰ ਤਰ੍ਹਾਂ ਦੇ ਲੋਕ ਮਿਲ ਜਾਂਦੇ ਹਨ। ਕਈ ਜਾਣ ਬੁੱਝ ਕੇ ਮੁਕੱਦਮੇ ਲਟਕਾਉਂਦੇ ਰਹਿੰਦੇ ਹਨ ਤੇ ਕਈ ਮੁਕੱਦਮੇ ਦਾਇਰ ਕਰਨ ਤੋਂ ਬਿਨਾਂ ਹੀ ਫ਼ਰਜ਼ੀ ਤਰੀਕਾਂ ਦੱਸ ਕਿ ਸਾਇਲਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਕੇ ਆਪਣੀ ਜੇਬ ਹਰੀ ਕਰਦੇ ਰਹਿੰਦੇ ਹਨ। ਪਰ ਜਦੋਂ ਹੇਰਾਫੇਰੀ ਦੀ ਅਸਲੀਅਤ ਜ਼ਾਹਰ ਹੁੰਦੀ ਹੈ ਤਾਂ ਉਹ ਪੀੜਿਤ ਲੋਕ ਅਜਿਹੀਆਂ ਬਦਦੁਆਵਾਂ ਦਿੰਦੇ ਹਨ ਕਿ ਰੱਬ ਵੀ ਸੁਣਨੋਂ ਮੁਨਕਰ ਹੋ ਜਾਵੇ! ਪਰ ਇਸ ਅਜਬ ਗ਼ਜ਼ਬ ਦੁਨੀਆ ਦਾ ਇਹ ਅਜੀਬ ਜਿਹਾ ਵਰਤਾਰਾ ਆਪਣੀ ਚਾਲੇ ਚੱਲੀ ਜਾਂਦਾ ਹੈ। ਇਹ ਗੱਲ ਵੀ ਹਰ ਕੋਈ ਭਲੀ ਭਾਂਤ ਸਮਝਦਾ ਹੈ ਕਿ ਹੱਕ ਹਲਾਲ ਦੀ ਕਮਾਈ ਵਿੱਚ ਹੀ ਬਰਕਤ ਹੁੰਦੀ ਹੈ। ਪ੍ਰਸਿੱਧ ਗਾਇਕ ਗੁਰਦਾਸ ਮਾਨ ਦੇ ਗੀਤ ਦੇ ਇਹ ਪੋਲ ਬੜੇ ਪ੍ਰਭਾਵੀ ਹਨ, "ਰੋਟੀ ਹੱਕ ਦੀ ਖਾਈਏ ਜੀ, ਭਾਵੇਂ ਬੂਟ



ਪਾਲਿਸ਼ਾਂ ਕਰੀਏ ...।"ਪਰ ਇਹ ਦੁਨੀਆ ਸਮਝਦੀ ਕਿੱਥੇ ਹੈ ਜਨਾਬ! ਜਿਸਦੇ ਪੈਰ ਥੱਲੇ ਬਟੇਰਾ ਆ ਜਾਵੇ, ਉਹ ਹੀ ਖ਼ੁਦ ਨੂੰ ਸ਼ਿਕਾਰੀ ਮੰਨ ਬੈਠਦਾ ਹੈ।

ਗੱਲ ਰੋਟੀ ਦੀ ਚੱਲੀ ਹੈ ਤਾਂ ਯਾਦ ਆਇਆ ਕਿ ਰੋਟੀ ਤਾਂ ਘਰ ਦੀ ਹੀ ਸੰਤੁਸ਼ਟ ਕਰਦੀ ਹੈ, ਬਾਹਰੋਂ ਭਾਵੇਂ ਛੱਤੀ ਪ੍ਰਕਾਰ ਦੇ ਭੋਜਨ ਛਕ ਲਈਏ। ਜੋ ਅਨੰਦ ਘਰ ਦੀ ਰੁੱਖੀ ਮਿੱਸੀ ਨਾਲ ਆਉਂਦਾ ਹੈ, ਉਹ ਰੈਸਟੋਰੈਂਟਾਂ ਅਤੇ ਹੋਟਲਾਂ ਦੇ ਮਸਾਲਾ ਭਰਪੂਰ ਖਾਣਿਆਂ ਤੋਂ ਕਿੱਥੇ ? ਇਸੇ ਕਾਰਨ ਤਾਂ ਇਹ ਮੁਹਾਵਰਾ ਪ੍ਰਚਲਿਤ ਹੋਇਆ ਸੀ: "ਦਾਲ ਰੋਟੀ ਘਰ ਦੀ ਤੇ ਦਿਵਾਲੀ ਅੰਮ੍ਰਿਤਸਰ ਦੀ।"ਸਿਹਤ ਦੀ ਸਿੱਖਿਆ ਦੇਣ ਵਾਲੇ ਡਾਕਟਰ ਤੇ ਡਾਈਟੀਸ਼ੀਅਨ ਵੀ ਇਹੀ ਸਲਾਹ ਦਿੰਦੇ ਹਨ ਕਿ ਅਜੋਕੀ ਮਿਲਾਵਟ ਭਰਪੂਰ ਜ਼ਿੰਦਗੀ ਤੋਂ ਆਪਣੇ ਆਪ ਨੂੰ ਮਹਿਫ਼ੂਜ਼ ਰੱਖਣ ਲਈ ਰੋਟੀ ਘਰ ਦੀ ਹੀ ਖਾਣੀ ਬਿਹਤਰ ਹੈ। ਪਰ ਲੋਕ ਕਿੱਥੇ ਸੰਤੁਸ਼ਟ ਹੁੰਦੇ ਹਨ। ਛੁੱਟੀਆਂ ਦੇ ਦਿਨ, ਜਨਮ ਦਿਨ ਤੇ ਸਾਲਗਿਰਾਹਾਂ ਦੇ ਬਹਾਨੇ ਜਾਂ ਫਿਰ ਕਿਸੇ ਨਾ ਕਿਸੇ ਪਾਰਟੀ ਦੀ ਆੜ ਵਿੱਚ ਮਸ਼ਹੂਰ ਢਾਬਿਆਂ, ਹੋਟਲਾਂ ਅਤੇ ਰੈਸਟੋਰੈਂਟਾਂ ਵਿੱਚੋਂ ਖਾਣਾ ਖਾਣ ਨੂੰ ਸ਼ਾਨ ਅਤੇ ਅਮੀਰੀ ਰੋਹਬ ਬਣਾ ਲੈਂਦੇ ਹਨ। ਜਲੰਧਰ ਲੁਧਿਆਣਾ ਰੋਡ ਉੱਪਰ ਅਜਿਹੇ ਉੱਚਕੋਟੀ ਦੇ ਢਾਬਿਆਂ ਅਤੇ ਰੈਸਟੋਰੈਂਟਾਂ ਦਾ ਜਾਲ ਜਿਹਾ ਵਿਛਿਆ ਪਿਆ ਹੈ। ਇਨ੍ਹਾਂ ਵਿੱਚ ਜਦੋਂ ਮਰਜ਼ੀ ਜਾ ਕੇ ਦੇਖ ਲਉ, ਰਾਤ ਨੂੰ ਬਾਰਾਂ ਵਜੇ ਤਕ ਸਹਿਜੇ ਸੀਟ ਹੀ ਨਹੀਂ ਮਿਲਦੀ। ਚਾਰ ਜਣਿਆਂ ਦੇ ਖਾਣੇ ਦਾ ਬਿੱਲ ਉਹ ਉਨਾ ਕੁ ਬਣਾ ਦਿੰਦੇ ਹਨ, ਜਿਸ ਨਾਲ ਉਸ ਪਰਿਵਾਰ ਦਾ ਹਫ਼ਤਾ ਸੌਖਾ ਲੰਘ ਜਾਵੇ। ਛੋਟੀਆਂ ਛੋਟੀਆਂ ਕੌਲੀਆਂ ਵਿੱਚੋਂ ਦਾਲ ਅਤੇ ਖੀਰ ਦੇ ਭਾਵੇਂ ਦੋ ਚਮਚੇ ਹੀ ਨਿਕਲਣ, "ਅਨੰਦ ਆ ਗਿਆ ਭਈ"ਦੇ ਬੋਲ ਸੁਣਨ ਨੂੰ ਮਿਲਦੇ ਹਨ। ਗੱਡੀ ਪਾਰਕਿੰਗ ਵਿੱਚੋਂ ਕੱਢਦੇ ਸਮੇਂ ਸਕਿਉਰਿਟੀ ਗਾਰਡ ਵੀ ਆਪਣਾ ਲਾਗ ਲੈ ਕਿ ਹੀ ਰੁਖ਼ਸਤ ਹੋਣ ਦਿੰਦੇ ਹਨ। ਪਰ ਇਸ ਤੋਂ ਅੱਗੇ ਜੇ ਕਰ ਕੋਈ ਲਾਚਾਰ ਮੰਗਤਾ ਹੱਥ ਅੱਡੇ ਤੇ ਲਿਲ੍ਹਕੜੀਆਂ ਵੀ ਕੱਢੇ, ਮਜ਼ਾਲ ਕਿ ਗੱਡੀ ਦਾ ਸ਼ੀਸ਼ਾ ਵੀ ਥੱਲੇ ਕਰਨ ? ਉਂਜ ਹੀ ਮੂੰਹ ਵਿੱਚ ਵਿਸ ਘੋਲਦੇ ਲੰਘ ਜਾਂਦੇ ਹਨ, 'ਲਾਹੌਰ ਦੇ ਸ਼ੌਕੀਨ ਤੇ ਬੋਝੇ ਵਿੱਚ ਗਾਜ਼ਰਾਂ' ਵਾਲੇ ਲੋਕ।

ਬਹੁਤੇ ਸ਼ੌਕੀਨ ਅਤੇ ਸ਼ੋਹਰਤ ਦੇ ਭੁੱਖੇ ਲੋਕਾਂ ਦੀਆਂ ਸਾਥਣਾਂ ਦਾ ਵੀ ਰੋਹਬ ਦੇਖਣ ਵਾਲਾ ਹੀ ਹੁੰਦਾ ਹੈ। ਘਰ ਭਾਵੇਂ ਕਦੇ ਆਈਸ ਕਰੀਮ ਨਾ ਬਣਨ ਦੇਣ, ਬਾਹਰ ਖਾਣਾ ਖਾਣ ਸਮੇਂ ਆਈਸ ਕਰੀਮ ਜਾਂ ਕੋਈ ਨਾ ਕੋਈ ਹੋਰ ਡਿਸ਼ ਖਾਣੇ ਦੇ ਮੀਨੂ ਦਾ ਜ਼ਰੂਰੀ ਹਿੱਸਾ ਹੁੰਦਾ ਹੈ। ਕਿਹੋ ਜਿਹਾ ਜ਼ਮਾਨਾ ਆ ਗਿਆ ਹੈ, ਉੱਚੀ ਦੁਕਾਨ ਤੇ ਫਿੱਕਾ ਪਕਵਾਨ। ਗਲੀ ਮੁਹੱਲੇ ਵਿੱਚ ਸਬਜ਼ੀ ਦੀ ਰੇਹੜੀ ਵਾਲੇ ਨਾਲ ਰੁਪਏ ਦੋ ਰੁਪਇਆਂ ਬਦਲੇ ਬਹਿਸਦੀਆਂ ਹਨ ਬੀਬੀਆਂ, ਤੇ ਮੁਫ਼ਤ ਵਿੱਚ ਧਨੀਆਂ ਅਤੇ ਮਿਰਚਾਂ ਇਨ੍ਹਾਂ ਨੇ ਜਮਾਂਦਰੂ ਹੱਕ ਬਣਾਇਆ ਹੁੰਦਾ ਹੈ ਪਰ ਜਦੋਂ ਗੱਲ ਘੁੰਮਣ ਫਿਰਨ, ਪਿਕਨਿਕ ਅਤੇ 'ਪਾਰਟੀ' ਵਰਗੀ ਫੇਰੀ ਦੀ ਹੋਵੇ ਤਾਂ ਮਹਿੰਗੇ ਅਤੇ ਉੱਚਕੋਟੀ ਦੇ ਹੋਟਲ-ਢਾਬੇ, ਜਿਨ੍ਹਾਂ ਦੇ ਰੇਟ ਆਮ ਬੰਦਾ ਸੁਣ ਵੀ ਨਹੀਂ ਸਕਦਾ, ਬੜੀ ਟੌਹਰ ਨਾਲ ਆਲੀਸ਼ਾਨ ਪਰਸ ਲਹਿਰਾਉਂਦਿਆਂ ਅਦਾ ਕੀਤੇ ਜਾਂਦੇ ਹਨ। ਅਜੀਬ ਜਿਹੀ ਇਸ ਭੇਡ ਚਾਲ ਨੂੰ ਫੈਸ਼ਨ ਦਾ ਮਖੌਟਾ ਬਣਾ ਕੇ ਦੋਗਲੀ ਜਿਹੀ ਜ਼ਿੰਦਗੀ ਜਿਊਣ ਦਾ ਢਕਵੰਜ ਕਰ ਰਹੇ ਹਨ ਸਾਡੇ ਮੁਫਤਖੋਰੇ ਲੋਕਾਂ ਵਾਲੇ ਦੇਸ਼ ਦੇ ਆਧੁਨਿਕ ਲੋਕ! ਰੱਬ ਖ਼ੈਰ ਕਰੇ!

# ਕਹਾਣੀਆਂ

***ਕਹਾਣੀ***

## ਜ਼ਿੰਦਗੀ ਦਾ ਸਫ਼ਰ

ਤਿੰਨ ਭੈਣ-ਭਰਵਾਂ 'ਚੋਂ ਸਭ ਤੋਂ ਛੋਟੀ ਲੱਕੀ ਮਾਂ ਪਿਉ ਦੀ ਲਾਡਲੀ ਖਾਸ ਕਰਕੇ ਮਾਂ ਦੀ ਜਿਵੇਂ ਜਾਨ ਹੀ ਹੋਵੇ। ਬਹੁਤ ਹੀ ਸੋਹਣੀ ਅਤੇ ਸੋਹਣੀ ਅਕਲ ਦੀ ਮਾਲਕ ਰੱਬ ਕਦੇ-ਕਦੇ ਬੰਦੇ ਦੇ ਲੇਖਾਂ ਵਿੱਚ ਕੀ ਲਿਖ ਦਿੰਦਾ ਇਸਦਾ ਬੰਦਾ ਕਦੇ ਅੰਦਾਜ਼ਾ ਵੀ ਨਹੀਂ ਲਾ ਸਕਦਾ। ਲੱਕੀ ਦੇ ਮਾਪੇ ਲੱਕੀ ਦੇ ਜਨਮ ਤੋਂ ਪਹਿਲਾਂ ਤਾਂ ਆਰਥਿਕ ਪੱਖੋਂ ਠੀਕ-ਠੀਕ ਹੀ ਸਨ ਪਰ ਲੱਕੀ ਦੇ ਜਨਮ ਤੋਂ ਕੁਝ ਚਿਰ ਪਿੱਛੋਂ ਹੀ ਪੈਸੇ ਵਿੱਚ ਖੇਡਣ ਲੱਗ ਪਏ। ਏਸੇ ਕਰਕੇ ਮਾਂ ਲੱਕੀ ਨੂੰ ਕਰਮਾਂ ਵਾਲੀ ਧੀ ਕਿਹਾ ਕਰਦੀ ਸੀ।ਵੱਡੇ ਭਰਾ ਨੂੰ ਇੰਜਨੀਅਰਿੰਗ ਕਰਨ ਤੋਂ ਬਾਅਦ ਇਕ ਪ੍ਰਾਈਵੇਟ ਕੰਪਨੀ ਵਿੱਚ ਇਕ ਚੰਗੇ ਪੈਕੇਜ ਨਾਲ ਨੌਕਰੀ ਮਿਲ ਗਈ, ਪਿਤਾ ਨੂੰ ਸਰਕਾਰੀ ਰਾਸ਼ਨ ਦਾ ਡੀਪੂ ਮਿਲ ਗਿਆ।ਹੁਣ ਲੱਕੀ ਦੇ ਮੰਮੀ ਡੈਡੀ ਨੇ ਜੋ ਪਹਿਲਾਂ ਤੋਂ ਕਿਸੇ ਕੰਬਲਾਂ ਦੀ ਫੈਕਟਰੀ ਵਿੱਚ ਕੰਮ ਕਰਦੇ ਸਨ ਕੰਮ ਕਰਨਾ ਛੱਡ ਦਿੱਤਾ। ਘਰ ਵਿੱਚ ਹਰ ਚੀਜ ਬਦਲਣ ਲੱਗ ਪਈ ਯਨੀ ਕਿ ਵਧੀਆ ਆਉਣ ਲੱਗ ਪਈ। ਲੱਕੀ ਦੀ ਵੱਡੀ ਭੈਣ ਜੋ ਭਰਾ ਤੋਂ ਵੀ ਵੱਡੀ ਸੀ ਉਸਨੇ ਬਹੁਤੀ ਪੜ੍ਹਾਈ ਨਹੀਂ ਕੀਤੀ ਹੋਈ ਸੀ ਸਿਰਫ ਦਸਵੀਂ ਪਾਸ ਸੀ ਦਾ ਯੋਗ ਰਿਸ਼ਤਾ ਮਿਲਣ 'ਤੇ ਉਸਦਾ ਵਿਆਹ ਕਰ ਦਿੱਤਾ।ਪਿਤਾ ਨੇ ਵਿੱਤੋਂ ਬਾਹਰ ਹੋ ਕੇ ਦਾਜ ਦਿੱਤਾ ਅਤੇ ਵਿੱਤੋਂ ਬਾਹਰ ਹੋ ਕੇ ਹੀ ਵਿਆਹ 'ਤੇ ਖਰਚ ਕੀਤਾ।

ਹੁਣ ਘਰ ਵਿੱਚ ਲੱਕੀ ਅਤੇ ਉਸਦੇ ਮੰਮੀ-ਡੈਡੀ ਹੀ ਰਹਿੰਦੇ ਸਨ ਕਿਉਂਕਿ ਲੱਕੀ ਦਾ ਭਰਾ ਵਿਕਾਸ ਤਾਂ ਨੌਕਰੀ ਲੱਗਣ ਵੇਲੇ ਤੋਂ ਹੀ ਬਾਹਰ ਸੀ। ਸਿਆਣਿਆਂ ਦਾ ਕਥਨ ਹੈ ਕਿ ਜਦੋਂ ਵੀ ਪੈਸਾ ਜ਼ਿਆਦਾ ਆਉਂਦਾ ਹੈ ਉਹ ਆਪਣੇ ਨਾਲ ਬੁਰਾਈਆਂ ਵੀ ਲੈ ਕੇ ਆਉਂਦਾ ਹੈ ਕੋਈ ਸਮਝਦਾਰ ਵਿਅਕਤੀ ਹੀ ਇਸ ਮੌਕੇ ਨੂੰ ਸੰਭਾਲਦਾ ਹੈ ਪਰ ਲੱਕੀ ਦਾ ਡੈਡੀ ਸਰਦਾਰੀ ਲਾਲ ਇਨ੍ਹਾਂ ਬੁਰਾਈਆਂ ਦੀ ਲਪੇਟ ਵਿੱਚ ਆ ਗਿਆ। ਸਰਦਾਰੀ ਲਾਲ ਨੂੰ ਸ਼ਰਾਬ ਪੀਣ ਦੇ ਨਾਲ ਨਾਲ ਜੂਆ ਖੇਡਣ ਅਤੇ ਲਾਟਰੀਆਂ ਪਾਉਣ ਦੀ ਆਦਤ ਪੈ ਗਈ ਜਿਸ ਨੂੰ ਕਦੇ ਕੋਈ ਜਿੱਤ ਹੀ ਨਹੀਂ ਸਕਿਆ ਸੀ। ਉਸਨੂੰ ਸਭ ਨੇ ਇਸ ਬੁਰੇ ਕੰਮ ਤੋਂ ਮੋੜਨ ਦੀ ਬਹੁਤ ਕੋਸ਼ਿਸ ਕੀਤੀ ਪਰ ਉਹ ਚਾਹ ਕੇ ਵੀ ਨਾ ਮੁੜ ਸਕਿਆ।

ਓਧਰ ਵਕਤ ਨੇ ਪੁੱਠਾ ਗੇੜਾ ਦੇ ਦਿੱਤਾ ਸਰਕਾਰੀ ਰਾਸ਼ਨ ਵਿੱਚ ਹੇਰਾਫੇਰੀ ਕਰਨ ਦਾ ਕੇਸ ਬਣਨ ਕਰਕੇ ਰਾਸ਼ਨ ਦਾ ਡੀਪੂ ਸਰਕਾਰ ਨੇ ਵਾਪਿਸ ਲੈ ਲਿਆ ਕਚਹਿਰੀ ਅਤੇ ਥਾਣੇ ਦੇ ਚੱਕਰਾਂ ਨੇ ਕੱਖੋਂ ਹੌਲਾ ਕਰ ਦਿੱਤਾ। ਇਕ ਕੇਸ ਅਤੇ ਦੂਜਾ ਬੁਰੀਆਂ ਆਦਤਾਂ ਕਰਕੇ ਥਾਂ-ਥਾਂ ਤੋਂ ਲਏ ਵਿਆਜ 'ਤੇ ਲਏ ਪੈਸਿਆਂ ਦੀ ਚਿੰਤਾ ਨੇ ਖ਼ੁਦ ਦੇ ਨਾਲ-ਨਾਲ ਘਰਵਾਲੀ ਨੂੰ ਵੀ ਸ਼ੂਗਰ ਦੀ ਬਿਮਾਰੀ ਲਾ ਦਿੱਤੀ। ਜਿਹੜੇ ਘਰ ਵਿੱਚ ਕਦੇ



ਖ਼ੁਸ਼ੀਆਂ ਹੀ ਖ਼ੁਸ਼ੀਆਂ ਰਹਿੰਦੀਆਂ ਸਨ ਓਥੇ ਗ਼ਮਾਂ ਦਾ ਪੱਕਾ ਵਾਸ ਹੋਣਾ ਸ਼ੁਰੂ ਹੋ ਗਿਆ। ਏਨੇ ਸਮੇਂ ਵਿੱਚ ਹੀ ਵਿਕਾਸ ਦੀ ਕੰਪਨੀ ਘਾਟੇ ਵਿੱਚ ਜਾਣ ਕਰਕੇ ਉਹ ਕੰਪਨੀ ਕਿਸੇ ਹੋਰ ਮਾਲਕ ਦੇ ਕੋਲ ਚਲਾ ਗਈ, ਜਿਸ 'ਤੇ ਚਲਦਿਆਂ ਉਸਦਾ ਕਾਨਟਰੈਕਟ ਟੁੱਟਣ ਕਾਰਨ ਉਹ ਵੀ ਘਰ ਆ ਗਿਆ। ਘਰ ਤਾਂ ਪਹਿਲਾਂ ਹੀ ਭੰਗ ਭੁੱਝ ਰਹੀ ਸੀ ਜਿਸ 'ਤੇ ਘਰ ਵਿੱਚ ਜ਼ਿਆਦਾ ਕਲੇਸ਼ ਰਹਿਣ ਲੱਗ ਪਿਆ। ਇਕ ਦਿਨ ਅਜਿਹਾ ਆਇਆ ਕਿ ਘਰ ਵਿੱਚ ਦੋਹਾਂ ਪਿਉ-ਪੁੱਤਰਾਂ ਦਾ ਏਨਾ ਜਬਰਦਸਤ ਝਗੜਾ ਹੋਇਆ, ਜਿਸ ਨਾਲ ਸਰਦਾਰੀ ਲਾਲ ਦੀ ਇਕ ਦਮ ਸ਼ੂਗਰ ਵਧਣ ਕਰਕੇ ਮੌਤ ਹੋ ਗਈ। ਵਿਰਾਸਤ ਵਿੱਚ ਪਿਤਾ ਵੱਲੋਂ ਮਿਲੇ ਕਰਜ਼ੇ ਨੇ ਵਿਕਾਸ ਦਾ ਲੱਕ ਸਿੱਧਾ ਹੀ ਨਹੀਂ ਹੋਣ ਦਿੱਤਾ ਮਜ਼ਬੂਰੀ ਵੱਸ ਉਸਨੇ ਘੱਟ ਪੈਸਿਆਂ ਵਿੱਚ ਕਿਤੇ ਹੋਰ ਕੰਪਨੀ ਵਿੱਚ ਨੌਕਰੀ ਜੁਆਇਨ ਕਰ ਲਈ ਜਿਸ ਨਾਲ ਘਰ ਦਾ ਗੁਜ਼ਾਰਾ ਹੋਣ ਲੱਗ ਪਿਆ ਇਹ ਸਾਰਾ ਕੁਝ ਵੇਖਣਾ ਅਤੇ ਸਹਿਣਾ ਲੱਕੀ ਦੀ ਮੰਮੀ ਲਈ ਵੀ ਹੁਣ ਬਹੁਤ ਔਖਾ ਸੀ। ਇਕ ਦਿਨ ਉਹ ਵੀ ਸਮੇਂ ਸਿਰ ਸ਼ੂਗਰ ਦੀ ਦਵਾਈ ਅਤੇ ਚੈਕਅੱਪ ਨਾ ਮਿਲਣ ਕਰਕੇ ਇਸ ਨਾ ਮੁਰਾਦ ਬਿਮਾਰੀ ਦੀ ਭੇਟ ਚੜ੍ਹ ਗਈ।ਲੱਕੀ ਲਈ ਤਾਂ ਇਹ ਜਿਵੇਂ ਕਹਿਰ ਹੀ ਵਰਤ ਗਿਆ ਸੀ ਕਿਉਂਕਿ ਲੱਕੀ ਲਈ ਇਕ ਮਾਂ ਹੀ ਤਾਂ ਸੀ ਜੋ ਉਸਦੇ ਜੀਣ ਦਾ ਸਹਾਰਾ ਸੀ ਉਸਦੇ ਬਾਝੋਂ ਉਹ ਜੀਣ ਬਾਰੇ ਸੋਚ ਵੀ ਨਹੀਂ ਸਕਦੀ ਸੀ।ਉਸਦਾ ਵਰਲਾਪ ਸੁਣਿਆ,ਵੇਖਿਆ ਨਹੀਂ ਜਾ ਰਿਹਾ ਸੀ।

"ਨੀ ਮਾਂ ਮੈਨੂੰ ਕੀਹਦੇ ਆਸਰੇ ਛੱਡ ਕੇ ਚੱਲੀ ਏਂ,ਜਾਂ ਤਾਂ ਮੈਨੂੰ ਵੀ ਨਾਲ ਲੈ ਜਾਹ ਨਹੀਂ ਤੇ ਮੈਂ ਤੈਨੂੰ ਨਹੀਂ ਜਾਣ ਦੇਣਾ।" ਲੱਕੀ ਪਾਗਲਾਂ ਦੀ ਤਰ੍ਹਾਂ ਹੋ ਗਈ ਸੀ। ਰਿਸ਼ਤੇਦਾਰਾਂ, ਭੈਣ-ਭਰਾਵਾਂ ਵਿਕਾਸ ਦੀ ਮਦਦ ਕੀਤੀ। ਅੰਤਿਮ ਰਸਮਾਂ ਹੋਈਆਂ ਪਰ ਕੁਝ ਸਮੇਂ ਬਾਅਦ ਤਾਂ ਘਰ ਵਿੱਚ ਦੋਵਾਂ ਭੈਣ-ਭਰਾਵਾਂ ਨੂੰ ਹੀ ਤਾਂ ਰਹਿਣਾ ਪੈਣਾ ਸੀ ਕਿਉਂਕਿ ਕੋਈ ਵੀ ਆਪਣੇ ਕੰਮ-ਕਾਰ ਛੱਡ ਕੇ ਕਿਸੇ ਦੇ ਘਰ ਨਹੀਂ ਬੈਠ ਸਕਦਾ।ਹੌਲੀ-ਹੌਲੀ ਵਿਕਾਸ ਨੇ ਵੀ ਡਿਊਟੀ ਜਾਣਾ ਸ਼ੁਰੂ ਕੀਤਾ। ਘਰ ਵਿੱਚ ਇਕੱਲੀ ਲੱਕੀ ਆਪਣੇ ਮੰਮੀ-ਡੈਡੀ ਦੀਆਂ ਫੋਟੋਆਂ ਨਾਲ ਗੱਲਾਂ ਕਰਦੀ-ਕਰਦੀ ਰੋਟੀ ਖਾਣਾ-ਪਕਾਉਣਾ ਹੀ ਭੁੱਲ ਜਾਂਦੀ।

ਹੁਣ ਮਾਂ ਮਰੀ ਨੂੰ ਵੀ ਛੇ ਮਹੀਨੇ ਬੀਤ ਗਏ ਸਨ ਉਹ ਲੋਕ ਜਿਨ੍ਹਾਂ ਦੇ ਲੱਕੀ ਦੇ ਪਿਤਾ ਨੇ ਪੈਸੇ ਦੇਣੇ ਸਨ ਉਹ ਘਰ ਆਉਣੇ ਸ਼ੁਰੂ ਹੋ ਗਏ ਸਨ। ਉਹ ਲੋਕ ਪੈਸੇ ਮੰਗਦੇ ਜਾਂ ਪੈਸੇ ਮੋੜਨ ਦਾ ਇਕਰਾਰ ਮੰਗਦੇ ਜਿਸ ਲਈ ਲੱਕੀ ਅਤੇ ਵਿਕਾਸ ਕੋਲ ਨਾ ਤਾਂ ਪੈਸੇ ਸਨ ਅਤੇ ਨਾ ਹੀ ਇਕਰਾਰ। ਉਹ ਕੀ ਕਰਦੇ ਵਿਕਾਸ ਵੀ ਤਾਂ ਵਿਚਾਰਾ ਮਸਾਂ ਘਰ ਦਾ ਗੁਜ਼ਾਰਾ ਹੀ ਚਲਾ ਰਿਹਾ ਸੀ।

ਇਕ ਦਿਨ ਲੱਕੀ ਅਤੇ ਉਸਦੇ ਭਰਾ 'ਤੇ ਤਾਂ ਜਿਵੇਂ ਮੁਸੀਬਤ ਦਾ ਪਹਾੜ ਹੀ ਡਿੱਗ ਪਿਆ ਹੋਵੇ ਜਦੋਂ ਇਕ ਪ੍ਰਾਈਵੇਟ ਬੈਂਕ ਦਾ ਕਰਮਚਾਰੀ ਬੈਂਕ ਦਾ ਨੋਟਿਸ ਲੈ ਕੇ ਘਰ ਆ ਗਿਆ ਜਿਸ ਵਿਚ ਸਰਦਾਰੀ ਲਾਲ ਵੱਲੋਂ ਬੈਂਕ ਤੋਂ ਲਈ ਕਰਜ਼ੇ ਦੀ ਰਕਮ ਵਿਆਜ ਸਮੇਤ ਦਸ ਲੱਖ ਬਣ ਚੁੱਕੀ ਸੀ। ਮੋੜਨ ਲਈ ਸਿਰਫ਼ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਨਾ ਮੋੜਨ ਦੀ ਸੂਰਤ ਵਿੱਚ ਘਰ ਖਾਲੀ ਕਰਨ ਦੇ ਵੀ ਹੁਕਮ ਲਿਖੇ ਹੋਏ ਸਨ।

ਹੁਣ ਦਸ ਲੱਖ ਰੁਪਏ ਉਸ ਘਰ ਵਿੱਚੋਂ ਕੱਢਣੇ ਤਾਂ ਜਿਵੇਂ ਅੰਬਰ ਨੂੰ ਹੱਥ ਲਾਉਣ ਵਾਲੀ ਗੱਲ ਸੀ ਜਿੱਥੇ ਮਹੀਨੇ ਬਾਅਦ ਮਸਾਂ ਦਾਲ-ਰੋਟੀ ਜੋਗੇ ਹੀ ਪੈਸੇ ਮਿਲਦੇ ਸਨ। ਇਹ ਗੱਲ ਰਿਸ਼ਤੇਦਾਰਾਂ ਅਤੇ ਭਲੇ ਲੋਕਾਂ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਆਪਣਾ ਧਰਮ ਨਿਭਾਉਂਦੇ ਹੋਏ ਇਹ ਰਕਮ ਕੁਝ ਧਾਰਮਿਕ ਅਤੇ ਸੋਸ਼ਲ ਵਰਕਿੰਗ ਕਮੇਟੀਆਂ ਦੀ ਮਦਦ ਨਾਲ ਸਮਾਂ ਰਹਿੰਦਿਆਂ ਬੈਂਕ ਨੂੰ ਜਮਾਂ ਕਰਵਾ ਦਿੱਤੀ ਜਿਸ ਨਾਲ ਭੈਣ-ਭਰਾਵਾਂ ਸਿਰੋਂ ਛੱਤ ਉੱਡਦੀ ਬਚ ਗਈ। ਇਸ ਨਾਲ ਵਿਕਾਸ ਤਾਂ ਕੁਝ ਸੁਰਖ਼ਰੂ ਹੋ ਗਿਆ ਪਰ ਇਹ ਸਾਰਾ ਕੁਝ ਵੇਖਦੀ, ਹੰਢਾਉਂਦੀ ਲੱਕੀ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਗਈ ਜੋ ਵਿਕਾਸ ਲਈ ਇਕ ਹੋਰ ਵੱਡੀ ਪ੍ਰੇਸ਼ਾਨੀ ਸੀ।

ਹੁਣ ਤੱਕ ਤਾਂ ਰਿਸ਼ਤੇਦਾਰ ਵੀ ਦੋਹਾਂ ਭੈਣ-ਭਰਾਵਾਂ ਤੋਂ ਦੂਰੀ ਬਣਾ ਗਏ ਸਨ ਕਿਉਂਕਿ ਕਿਸੇ ਦੀ ਕਬਰੇ ਕੋਈ ਨਹੀਂ ਪੈਂਦਾ। ਵਿਚਾਰਾ ਵਿਕਾਸ ਨਾ ਲੱਕੀ ਨੂੰ ਇਕੱਲਿਆਂ ਛੱਡ ਕੇ ਡਿਊਟੀ 'ਤੇ ਜਾਣ ਜੋਗਾ ਅਤੇ ਨਾ ਹੀ ਘਰ ਰਹਿ ਕੇ ਭੁੱਖਾ ਮਰਨ ਜੋਗਾ। ਹੌਲੀ-ਹੌਲੀ ਲੱਕੀ ਦੇ ਭਰਾ ਵੱਲੋਂ ਕਰਵਾਏ ਗਏ ਇਲਾਜ ਅਤੇ ਦਿੱਤੇ ਜਾਂਦੇ ਹੌਸਲੇ,ਗਾਈਡੈਂਸ ਨਾਲ ਕੁਝ ਫ਼ਰਕ ਪਿਆ ਜਿਸ ਨਾਲ ਉਹ ਵਿਚਾਰਾ ਦੁਬਾਰਾ ਕੰਮ 'ਤੇ ਜਾਣ ਲੱਗ ਪਿਆ।

ਜ਼ਿੰਦਗੀ ਕੁਝ ਪਗਡੰਡੀ ਫੜਣ ਲੱਗ ਪਈ ਸੀ ਜਿਸ ਨਾਲ ਰਿਸ਼ਤੇਦਾਰ ਵੀ ਕੁਝ ਰਾਹਤ ਜਿਹੀ ਮਹਿਸੂਸ ਕਰ ਰਹੇ ਸਨ।

ਲੱਕੀ ਵਿੱਚ ਜ਼ਿੰਦਗੀ ਜਿਊਣ ਦੀ ਉਮੰਗ ਭਰਨ ਲੱਗੀ। ਉਸਨੇ ਆਪਣੇ ਭਰਾ ਵਿਕਾਸ ਨੂੰ ਕਿਹਾ ਕਿ ਉਹ ਉਸਨੂੰ ਕਿਸੇ ਕੰਮ 'ਤੇ ਲਗਵਾ ਦੇਵੇ ਜਿਸ ਨਾਲ ਉਹ ਉਸਦੇ ਇਸ ਸੰਘਰਸ਼ ਵਿੱਚ ਕੁਝ ਸਾਥ ਦੇ ਸਕੇ। ਵਿਕਾਸ ਨੇ ਲੱਕੀ ਨੂੰ ਉਸੇ ਕੰਬਲਾਂ ਵਾਲੀ ਫੈਕਟਰੀ ਦੇ ਮਾਲਕ ਨਾਲ ਗੱਲ ਕਰਕੇ ਕੰਮ 'ਤੇ ਲਗਵਾ ਦਿੱਤਾ ਜਿੱਥੇ ਕਦੇ ਉਸਦੇ ਮੰਮੀ ਡੈਡੀ ਕੰਮ ਕਰਿਆ ਕਰਦੇ ਸਨ। ਲੱਕੀ ਪੂਰੀ ਲਗਨ ਨਾਲ ਕੰਮ ਕਰਨ ਲੱਗ ਪਈ ਉਹ ਅਕਸਰ ਹੀ ਓਵਰ ਟਾਇਮ ਲਗਾਉਂਦੀ ਜਿਸ ਨਾਲ ਉਸਦੇ ਪੈਸੇ ਤਨਖਾਹ ਜਿੰਨੇ ਹੀ ਹੋਰ ਬਣ ਜਾਂਦੇ। ਫੈਕਟਰੀ ਦਾ ਮਾਲਕ ਲੱਕੀ ਦੇ ਕੰਮ, ਲਗਨ ਅਤੇ ਇਮਾਨਦਾਰੀ ਤੋਂ ਬਹੁਤ ਖ਼ੁਸ਼ ਸੀ। ਫੈਕਟਰੀ ਦਾ ਮਾਲਕ ਗੋਵਰਧਨ ਬਾਂਸਲ ਲੱਕੀ ਨਾਲ ਜਦੋਂ ਵੀ ਗੱਲਬਾਤ ਕਰਦਾ ਤਾਂ ਉਹ ਉਸ ਦੀਆਂ ਅੱਖਾਂ ਵਿੱਚ ਬਹੁਤ ਵੱਡਾ ਸੁਪਨਾ ਤਰਦਾ ਵੇਖਦਾ ਜਿਸ ਵਿੱਚ ਉਸਨੂੰ ਇਕ ਲੰਮੀ ਉਡਾਰੀ ਦਿਸਦੀ। ਉਸਨੇ ਲੱਕੀ ਦੇ ਕੰਮ ਨੂੰ ਵੇਖਦਿਆਂ ਹੋਇਆਂ ਉਸਦੀ ਪ੍ਰਮੋਸ਼ਨ ਕਰਕੇ ਉਸਨੂੰ ਸੇਲਜਮੈਨੇਜਰ ਬਣਾ ਕੇ ਉਸਦੀ ਤਨਖਾਹ ਵਿੱਚ ਵੀ ਵਾਧਾ ਕਰ ਦਿੱਤਾ। ਹੁਣ ਲੱਕੀ ਦੇ ਹੋਰ ਚਾਰ ਪੈਸੇ ਵੱਧ ਬਣਨ ਲੱਗ ਪਏ।

ਸਮਾਂ ਆਪਣੀ ਰਫਤਾਰ ਨਾਲ ਚੱਲ ਰਿਹਾ ਸੀ ਲੱਕੀ ਨੇ ਆਪਣੇ ਭਰਾ ਨੂੰ ਮਨਾ ਕੇ ਉਸਦਾ ਵਿਆਹ ਕਰ ਦਿੱਤਾ ਘਰ ਵਿੱਚ ਵਰ੍ਹਿਆਂ ਬਾਅਦ ਰੌਣਕ ਦਾ ਬੁੱਲਾ ਆਇਆ ਲੱਗ ਰਿਹਾ ਸੀ। ਵਿਕਾਸ ਵੱਲੋਂ ਇਕ ਦੋ ਵਾਰ ਲੱਕੀ ਨੂੰ ਵੀ ਉਸਦੇ ਵਿਆਹ ਲਈ ਕਿਹਾ ਪਰ ਉਸਨੇ ਆਪਣੀ ਜ਼ਿੰਦਗੀ ਦਾ ਕੁਝ ਹੋਰ ਮਕਸਦ ਕਹਿ ਕੇ ਕਦੇ ਵੀ ਵਿਆਹ



ਨਾ ਕਰਾਉਣ ਦਾ ਫੈਸਲਾ ਸੁਣਾ ਦਿੱਤਾ ਸੀ।

ਲੱਕੀ ਨੇ ਸਾਲਾਂ ਦੀ ਬੱਚਤ ਕਰਕੇ ਉਸ ਸੰਸਥਾ ਨਾਲ ਸੰਪਰਕ ਕੀਤਾ ਜਿਸ ਸੰਸਥਾ ਨੇ ਕਦੇ ਉਨ੍ਹਾਂ ਦੇ ਘਰ ਦੀ ਕੁਰਕੀ ਹੋਣੋਂ ਬਚਾਈ ਸੀ। ਲੱਕੀ ਉਸ ਸੰਸਥਾ ਦੀ ਜੀਵਨ ਭਰ ਦੀ ਮੈਂਬਰ ਬਣ ਗਈ ਸੀ ਉਸਨੇ ਆਪਣੀ ਹੈਸੀਅਤ ਮੁਤਾਬਿਕ ਸੰਸਥਾ ਨੂੰ ਨਾਲ ਲੈ ਕੇ ਸੈਂਕੜੇ,ਹਜ਼ਾਰਾਂ ਬੇਸਹਾਰੇ

ਲੋਕਾਂ ਦੀ ਮਦਦ ਕੀਤੀ ਅਤੇ ਕਰ ਰਹੀ ਸੀ ਜਿਸ ਵਿੱਚ ਉਸਨੇ ਕੁਝ ਅਨਾਥ ਬੱਚੇ ਅਡਾਪਟ ਵੀ ਕੀਤੇ ਹੋਏ ਸਨ।

ਹੁਣ ਲੱਕੀ ਦੇ ਵਾਲਾਂ ਵਿੱਚ ਸਫੈਦੀ ਭਰ ਚੁੱਕੀ ਸੀ ਅਤੇ ਅੱਖਾਂ 'ਤੇ ਨਜ਼ਰ ਦੀਆਂ ਐਨਕਾਂ ਵੀ ਲੱਗ ਚੁੱਕੀਆਂ ਸਨ ਪਰ ਲੱਕੀ ਦੇ ਰਾਹ ਦਸੇਰਾ ਬਣ ਕੇ ਚੱਲਣ ਦੀ ਰਫ਼ਤਾਰ ਅਜੇ ਹੋਰ ਤੇਜ਼ ਹੋ ਰਹੀ ਸੀ ਲੱਕੀ ਜਦੋਂ ਕਦੇ ਥੱਕ ਜਾਂਦੀ ਤਾਂ ਉਹ ਆਪਣੀ ਮਾਂ ਦੀ ਫੋਟੋ ਸਾਹਮਣੇ ਖੜ੍ਹ ਕੇ ਦੋ ਗੱਲਾਂ ਕਰ ਲੈਂਦੀ ਤੇ ਫਿਰ ਜ਼ਿੰਦਗੀ ਦਾ ਸਫ਼ਰ ਤੈਅ ਕਰਨ ਲਈ ਤੁਰ ਪੈਂਦੀ। ਲੱਕੀ ਦੇ ਇਸ ਤਰ੍ਹਾਂ ਡਿੱਗ ਕੇ ਉੱਠਣ ਦੀ ਹਰ ਕੋਈ ਵੇਖਣ-ਸੁਣਨ ਵਾਲਾ ਦਾਦ ਦੇ ਰਿਹਾ ਸੀ।

**ਪ੍ਰਤਾਪ 'ਪਾਰਸ' ਗੁਰਦਾਸਪੁਰੀ,**
**787/10 ਪ੍ਰੇਮ ਨਗਰ, ਹਰਦੋਛੰਨੀ ਰੋਡ ਗੁਰਦਾਸਪੁਰ**
**ਫੋਨ-99888-11681**

◆◆◆

***ਸੁਰਜੀਤ ਦੇਵਲ ਦੀਆਂ ਦੋ-ਮਿੰਨੀ ਕਹਾਣੀਆਂ***

## ਪਵਿੱਤਰ ਰੂਹਾਂ

**ਸੁਰਜੀਤ ਦੇਵਲ**

"ਬੁਢਾਪੇ ਦੀ ਦਹਿਲੀਜ਼ ਤੇ ਬੈਠੀ ਪਰਵੇਸ਼ ਸਾਧੂਆਂ ਨੂੰ ਭੋਜਨ ਛਕਾਉਣ ਤੇ ਮੂਰਤੀ ਪੂਜਾ ਨਾਲ ਮਨ ਨੂੰ ਤ੍ਰਿਪਤੀ ਕਰਦੀ ਰਹਿੰਦੀ। ਕਿ ਦਿਨ ਉਸ ਨੇ ਪ੍ਰੇਮ ਨਾਲ ਰਸੋਈ ਤਿਆਰ ਕਰਕੇ ਆਪਣੇ ਪੁੱਤਰ ਦੀਪਕ ਨੂੰ ਕਿਹਾ-

"ਦੀਪਕ, ਜਾਹ ਪੁੱਤ ਅੱਜ ਤੂੰ ਹੀ ਸਾਧੂਆਂ ਨੂੰ ਭੋਜਨ ਛਕਾ ਆ। ਰੇਲਵੇ ਮਾਲ ਗੁਦਾਮ ਦੇ ਸ਼ੈੱਡ ਥੱਲੇ ਬਹੁਤ ਸਾਧੂ ਰਾਤ ਕੱਟਣ ਆਉਂਦੇ ਨੇ।"

"ਮੰਮੀ, ਇਹ ਪੁੰਨ ਦਾਨ ਤੁਸੀਂ ਆਪਣੇ ਹੱਥੀਂ ਆਪ ਹੀ ਕਰਿਆ ਕਰੋ।"

"ਚੰਗਾ ਲਿਆ ਫੜਾਓ। ਤੁਹਾਡੀ ਆਗਿਆ ਦਾ ਪਾਲਣ ਤਾਂ ਕਰਨਾ ਹੀ ਪੈਣੈ।"

ਦੀਪਕ ਨੇ ਮਾਤਾ ਤੋਂ ਪੈਕ ਕੀਤਾ ਭੋਜਨ ਲਿਆ ਤੇ ਸਕੂਟਰ ਤੇ ਮਾਲ ਗੁਦਾਮ ਦੇ ਸ਼ੈੱਡ ਕੋਲ ਜਾ ਪੁੱਜਾ। ਸਕੂਟਰ ਖੜਾ ਕੇ ਜਦ ਸ਼ੈਡ ਵੱਲ ਵਧਿਆ ਤਾਂ ਅੱਗੇ ਕੀ ਵੇਖਦੈ। ਸਾਧੂ ਸਵੇਰੇ ਸਵੇਰੇ ਹੀ ਸ਼ਰਾਬ ਦਾ ਸੇਵਨ ਕਰ ਰਹੇ ਸੀ। ਉਹ ਪਲ ਭਰ ਰੁੱਕਿਆ ਤੇ ਸੋਚਿਆ-

'ਇਹਨਾਂ ਵਿਹਲੜਾਂ ਨੂੰ ਭੋਜਨ ਛਕਾਉਣਾ ਕਿੱਥੋਂ ਦਾ ਦਾਨ ਐ। ਇਹ ਤਾਂ ਸ਼ਰੇਆਮ ਦਾਰੂ ਪੀਂਦੇ, ਐਸ਼ਪ੍ਰਸਤੀ ਕਰਦੇ, ਢੋਲੇ ਦੀਆਂ ਲਾਉਂਦੇ ਨੇ।"

ਦੀਪਕ ਨੇ ਸਕੂਟਰ ਲੇਬਰ ਚੌਂਕ ਵੱਲ ਮੋੜਿਆ। ਉਥੇ ਜਾ ਕੇ ਵੇਖਿਆ ਇਕ ਪਾਸੇ ਬੈਠੇ ਚਾਰ ਕੁ ਮਜ਼ਦੂਰ ਗੱਪ ਸ਼ੱਪ ਮਾਰ ਰਹੇ ਨੇ। ਉਨ੍ਹਾਂ ਨੂੰ ਜਾ ਕੇ ਪੁੱਛਿਆ-

"ਕਿਉਂ ਬਈ ਮਿੱਤਰੋ, ਕਿਸੇ ਨੇ ਪ੍ਰਸ਼ਾਦਾ ਛਕਣੈ ?"

"ਲਿਆਓ ਬਾਬੂ ਜੀ, ਤੜਕੇ ਮੂੰਹ ਨ੍ਹੇਰੇ ਦੇ ਨਿਕਨੇ ਆਂ ਘਰੋਂ ਨਿਰਨੇ ਕਾਲਜੇ।"

ਉਹਨਾਂ ਨੇ ਦੀਪਕ ਤੋਂ ਭੋਜਨ ਫੜਿਆ ਤੇ ਛੱਕ ਕੇ ਉਸ ਨੂੰ ਬਰਤਨ ਸਾਫ਼ ਕਰਕੇ ਦੇ ਕੇ ਫੜਾਉਂਦਿਆਂ ਰੱਜੀਆਂ ਆਂਦਰਾਂ ਨਾਲ ਅਸੀਸਾਂ ਦਿੱਤੀਆਂ।

ਦੀਪਕ ਭੋਜਨ ਕਰਾ ਜਦ ਘਰ ਵਾਪਸ ਆਇਆ ਤਾਂ ਦੇਹਲੀ ਵਜਦੇ ਨੂੰ ਉਹਨਾਂ ਦੀ ਮਾਤਾ ਨੇ ਪੱਛਿਆ-

"ਕਿਉਂ ਪੁੱਤ ਕਰਾ ਆਇਆ ਭੋਜਨ ?"

"ਮਾਂ ਉਥੇ ਭੋਜਨ ਕਿਸ ਨੂੰ ਕਰਾਉਂਦਾ। ਉਥੇ ਤਾਂ ਸਾਧੂ ਬੈਠੇ ਦਾਰੂ ਦੇ ਪੈਗ ਚਾੜ ਰਹੇ ਸੀ।"

"ਹੈਂ, ਸਵੇਰੇ ਸਵੇਰੇ ਸ਼ਰਾਬ। ਫੇਰ ਕੀਹਨੂੰ ਭੋਜਨ ਛਕਾ ਆਇਆ ?"

"ਮਾਂ, ਪਵਿੱਤਰ ਰੂਹਾਂ, ਲੇਬਰ ਚੌਂਕ ਵਿੱਚ ਮਜ਼ਦੂਰ ਨੂੰ।"

"ਆਹ ਤਾਂ ਪੁੱਤ ਤੂੰ ਬਾਹਲਾ ਵੀ ਵਧੀਆ ਕੰਮ ਕਰਿਐ। ਜਿਹੜਾ ਮੈਂ ਜ਼ਿੰਦਗੀ ਭਰ ਨਈਂ ਕਰ ਸਕੀ।"

◆◆◆

## ਸਿਆਣਪ

**ਸੁਰਜੀਤ ਦੇਵਲ**

ਗੁਰਜੰਟ ਦੇ ਬਾਪੂ ਜੀ ਦੇ ਚੜ੍ਹਾਈ ਕਰ ਜਾਣ ਦੀ ਖ਼ਬਰ ਸੁਣ ਕੇ ਮੈਂ ਵੀ ਉਹਨਾਂ ਦੇ ਦੁੱਖ ਵਿੱਚ ਜਾ ਸ਼ਰੀਕ ਹੋਇਆ। ਉਨ੍ਹਾਂ ਦੇ ਘਰ ਵਿੱਚ ਘੁਸਰ-ਮੁਸਰ ਹੋ ਰਹੀ ਸੀ। ਗੁਰਜੰਟ ਆਪਣੇ ਪੁੱਤਰਾਂ ਨੂੰ ਮਸ਼ਵਰਾ ਦੇ ਰਿਹਾ ਸੀ। ਇਹ ਦੁਨੀਆਂ ਦੋ-ਮੂੰਹੀਂ ਐ। ਤੁਸੀਂ ਕਿਸੇ ਦੀਆਂ ਗੱਲਾਂ ਵਿੱਚ ਨਹੀਂ ਆਉਣਾ। ਕੋਈ ਕੁੱਝ ਕਹੇ ਆਪਾਂ ਬਾਪੂ ਜੀ ਦਾ ਵੱਡਾ ਨਹੀਂ ਕਰਨਾ। ਸ਼ਰੀਕ ਵੀ ਉਨ੍ਹਾਂ ਦੀ ਵਿਚਾਰ ਧਾਰਾ ਦੀ ਕਨਸੋਅ ਲੈਂਦੇ ਆਖਰ ਦਿਲ ਦੀ ਭੜਾਸ ਕੱਢਣ ਲੱਗੇ।

"ਜੇ ਉਨ੍ਹਾਂ ਬਾਪੂ ਦਾ ਬੁੱਢ ਮਰਨਾ ਨਹੀਂ ਕਰਨਾ ਤਾਂ ਅਸੀਂ ਵੀ ਉਨ੍ਹਾਂ ਦੇ ਪੈਰ ਨਹੀਂ ਧਰਨਾ ਜਾ ਕੇ। ਸਾਡੇ ਸਾਕ ਸਬੰਧੀ, ਰਿਸ਼ਤੇਦਾਰ ਕੀ ਆਖਣਗੇ ਆ ਕੇ। ਬੁੜ੍ਹਾ ਸੌ ਸਾਲ ਤੋਂ ਉਤੇ ਦਾ ਹੋ ਕੇ ਪੂਰਾ ਹੋਇਐ। ਕੋਈ ਕਹੂ ਜਮ੍ਹਾਂ ਈ ਪਾਣੀ 'ਚ ਬਹਿ ਗਏ।"

ਗੁਰਜੰਟ ਕੰਨੀ ਸ਼ਰੀਕਾਂ ਦੇ ਬੋਲ ਗੂੰਜੇ। ਉਹਨੇ ਸਹਿਜ ਨਾਲ ਜਵਾਬ ਮੋੜਦਿਆਂ ਕਿਹਾ-

"ਜਦੋਂ ਬੇਬੇ ਜੀ ਪੂਰੇ ਹੋਏ ਸੀ ਕਿ ਉਨ੍ਹਾਂ ਨੇ ਬੁੱਢ ਮਰਨਾ ਕਰਿਆ ਸੀ ? ਅਸੀਂ ਤਾ ਅੱਧਾ ਖਰਚਾ ਵੀ ਦੇਣ ਲਈ ਤਿਆਰ ਸੀ। ਬੇਬੇ ਜੀ ਤਾਂ ਉਨ੍ਹਾਂ ਨਾਲ ਸੀ। ਉਨ੍ਹਾਂ ਨੇ ਕਿਹੜਾ ਗਦੋੜ ਫੇਰਿਆ ਹੋਇਐ। ਜੇ ਅੱਜ ਉਹ ਸਾਡੇ ਨਹੀਂ ਆਉਣਗੇ ਅਸੀਂ ਕਿਹੜਾ ਉਨ੍ਹਾਂ ਦੇ ਬੱਕਲੀਆਂ ਲੈਣ ਜਾਣਾ।"



ਫੇਰ ਉਹਨੇ ਪੁੱਤਰਾਂ ਨੂੰ ਨਸੀਹਤ ਦਿੱਤੀ।

"ਪੁੱਤ ਅਸਾਂ ਝੂਠੀ ਸ਼ੋਹਰਤ ਖਾਤਰ ਹੋਸ਼ਾ ਪਣ ਨਹੀਂ ਕਰਨਾ। ਦੁਨੀਆਂ ਦਾਰੀ ਰੱਖਣ ਲਈ ਤਾਂ ਹੋਰ ਬਥੇਰੇ ਨੇਕ ਕੰਮ ਕਰਨ ਆਲੇ ਹੁੰਦੇ ਨੇ। ਜਿਹੜਾ ਆਪਾਂ ਕਰਾਂਗੇ। ਆਪਣੇ ਪਿੰਡ ਦੇ ਸਕੂਲ ਵਿੱਡ ਬਹੁਤੇ ਬੱਚੇ ਗਰੀਬਾਂ ਦੇ ਪੜ੍ਹਨ ਆਉਂਦੇ ਨੇ। ਉਨ੍ਹਾਂ ਨੂੰ ਸਰਦੀਆਂ ਤੋਂ ਬਚਣ ਲਈ ਕੋਟੀਆਂ ਤੇ ਪੈਰਾਂ ਦੇ ਬੂਟ ਲੈ ਦਿਆਂਗੇ। ਹੋਰ ਜਿੰਨਾ ਮਰਜ਼ੀ ਨਜ਼ਾਇਜ਼ ਖਰਚਾ ਕਰ ਲਓ ਉਦਾ ਕੀ ਫਾਇਦਾ ? ਆਪਾਂ ਵੇਖਦੇ ਈ ਆਂ। ਲੋਕ ਚਾਰ ਦਿਨ ਦੀ ਬੱਲੇ ਬੱਲੇ ਕਰਾਉਣ ਖਾਤਰ ਹੀ ਸਾਰੀ ਉਮਰ ਕਰਜ਼ੇ ਥੱਲੇ ਸਿਰ ਤੁੰਨੀ ਰੱਖਦੇ ਨੇ।"

ਜਦੇ ਗੁਰਜੰਟ ਸਿਹੁੰ ਦੇ ਸ਼ੁੱਭ ਵਿਚਾਰ ਸ਼ਰੀਕਾਂ ਕੰਨੀ ਪਏ। ਉਨ੍ਹਾਂ ਦੇ ਦਿਮਾਗ ਵਿੱਚ ਵਿਖਾਵੇ ਤੇ ਹੋਸ਼ ਪੁਣੇ ਦੇ ਬੱਦਲ ਛੱਟ ਗਏ। ਤੇ ਉਹ ਰੌਸ਼ਨ ਦਿਮਾਗ ਹੋ ਸਭ ਤੋਂ ਮੂਹਰੇ ਬਾਪੂ ਦੀ ਅਰਥਾ ਨੂੰ ਮੋਢਾ ਦੇਣ ਲਈ ਆ ਖੜੇ ਹੋਏ।

**ਸੁਰਜੀਤ ਦੇਵਲ**
**10 ਬੀ/490,ਸ਼ਿਵਪੁਰੀ**
**ਨੇੜੇ ਬਾਬਾ ਬਾਲਕ ਨਾਥ ਮੰਦਿਰ ਧੂਰੀ-148024 (ਸੰਗਰੂਰ)**
**ਮੋ. 92563-69102**

◆◆◆

# ਕਾਵਿ ਸੰਸਾਰ

## ਧੀਆਂ

**ਪ੍ਰੋ. ਕੁਲਵੰਤ ਔਜਲਾ**

ਸਹਿਜੇ ਸਹਿਜੇ ਸੁਘੜ ਸਿਆਣੀਆਂ ਹੋ ਜਾਂਦੀਆਂ ਨੇ ਧੀਆਂ
ਸਿਆਣਪ ਦੀਆਂ ਲੋ ਕਹਾਣੀਆਂ ਹੋ ਜਾਂਦੀਆਂ ਨੇ ਧੀਆਂ

ਨਵੀ ਦੁਨੀਆਂ ਤੇ ਨਵਾਂ ਘਰ ਵਸਾ ਲੈਣ ਹੌਲੀ ਹੌਲੀ
ਨਵੇਂ ਰਿਸ਼ਤੇ ਤੇ ਨਵੀਆਂ ਸਾਂਝਾਂ ਉਗਾ ਲੈਣ ਹੌਲੀ ਹੌਲੀ
ਹੌਲੀ ਹੌਲੀ ਜਾਣੀਆਂ ਪਹਿਚਾਣੀਆਂ ਹੋ ਜਾਂਦੀਆਂ ਨੇ ਧੀਆਂ
ਸਿਆਣਪ ਦੀਆਂ ਲੋਕ ਕਹਾਣੀਆਂ ਹੋ ਜਾਂਦੀਆਂ ਨੇ ਧੀਆਂ

ਉਪਰੇ ਮਾਹੌਲ ਮੁਤਾਬਿਕ ਖ਼ੁਦ ਨੂੰ ਢਾਲ ਲੈਣ ਰਫ਼ਤਾ ਰਫ਼ਤਾ
ਫਰਜ਼ਾਂ ਤੇ ਗ਼ਰਜ਼ਾਂ ਦੀ ਵਾਗਡੋਰ ਸੰਭਾਲ ਲੈਣ ਰਫ਼ਤਾ ਰਫ਼ਤਾ
ਰਫ਼ਤਾ ਰਫ਼ਤਾ ਰਿਜ਼ਕ ਕਮਾਣੀਆਂ ਹੋ ਜਾਂਦੀਆਂ ਨੇ ਧੀਆਂ
ਸਿਆਣਪ ਦੀਆਂ ਲੋਕ ਕਹਾਣੀਆਂ ਹੋ ਜਾਂਦੀਆਂ ਨੇ ਧੀਆਂ


ਜੀਊਣ ਤੇ ਮਜਰਨਾ ਸਿੱਖ ਲੈਂਦੀਆਂ ਨੇ ਤਜਰਬੇ ਨਾਲ
ਸੰਭਾਲਣਾ ਤੇ ਸੰਭਲਣਾ ਸਿੱਖ ਲੈਂਦੀਆਂ ਨੇ ਤਜਰਬੇ ਨਾਲ
ਤਜਰਬੇ ਨਾਲ ਮੁਕੰਮਲ ਸੁਆਣੀਆਂ ਹੋ ਜਾਂਦੀਆਂ ਨੇ ਧੀਆਂ
ਸਿਆਣਪ ਦੀਆਂ ਲੋਕ ਕਹਾਣੀਆਂ ਹੋ ਜਾਂਦੀਆਂ ਨੇ ਧੀਆਂ

ਹਿਰਕ ਤੇ ਹਉਕਿਆਂ ਤਾਂ ਟਕਰਾਉਣਾ ਨਹੀਂ ਭੁੱਲਦੀਆਂ
ਦੁੱਖਾਂ ਸੁੱਖਾਂ ਵਿੱਚ ਹਾਜ਼ਰੀ ਲਗਵਾਉਣਾ ਨਹੀਂ ਭੁੱਲਦੀਆਂ
ਸਮੇਂ ਅਨੁਸਾਰ ਮਸ਼ੀਨਾਂ ਮਧਾਣੀਆਂ ਹੋ ਜਾਂਦੀਆਂ ਨੇ ਧੀਆਂ
ਸਿਆਣਪ ਦੀਆਂ ਲੋ ਕਹਾਣੀਆਂ ਹੋ ਜਾਂਦੀਆਂ ਨੇ ਧੀਆਂ

ਉਮਰ ਭਰ ਧਰਤੀਆਂ ਦਾ ਭਾਰ ਚੁੱਕਦੀਆਂ ਨੇ ਸਿਰਾਂ ਉੱਤੇ
ਵੱਡੇ ਵੱਡੇ ਟੱਬਰਾਂ ਦਾ ਵੱਡਾ ਸੰਸਾਰ ਚੁੱਕਦੀਆਂ ਹੈ ਸਿਰਾਂ ਉਤੇ
ਸਿਰਾਂ ਦੇ ਭਾਰ ਨਾਲ ਘਸਮੈਲੀਆਂ ਪੁਰਾਣੀਆਂ ਹੋ ਜਾਂਦੀਆਂ ਨੇ ਧੀਆਂ
ਸਿਆਣਪ ਦੀਆਂ ਲੋਕ ਕਹਾਣੀਆਂ ਹੋ ਜਾਂਦੀਆਂ ਨੇ ਧੀਆਂ

**97 ਮਾਡਲ ਟਾਊਨ, ਕਪੂਰਥਲਾ**
**ਮੋ. 84377-88856**

## ਕਵਿਤਾ ਰੁਦਨ ਕਰੇ



ਮਿੱਟੀ ਦੀ ਮਹਿਕ
ਫੁੱਲਾਂ ਦੀ ਖੁਸ਼ਬੋ ਕਿੱਥੇ ਗਈ
ਧਰਤੀ ਹੋਈ ਬੇਰੰਗ
ਕੋਹਿਆ ਇਸਦਾ ਅੰਗ-ਅੰਗ
ਜ਼ਹਿਰੀਲੀਆਂ ਹਵਾਵਾਂ
ਕੰਨਾਂ ਵਿੱਚ ਗੂੰਜਣ ਬੇਸੁਰੀਆਂ ਆਵਾਜ਼ਾਂ
ਬੰਦੇ ਦਾ ਰੂਪ ਬੇਰੰਗ
ਮੌਸਮ ਹੋਇਆ ਬਦਰੰਗ
ਜੀਵਨ ਹੁਣ ਦਰਕਾਰ ਨਹੀਂ
ਕੁਦਰਤ ਹੈ ਬਾਜ਼ਾਰ ਨਹੀਂ
ਮਿੱਟੀ ਵਿੱਚੋਂ ਆਵੇ ਲਹੂ ਦੀ ਮਹਿਕ
ਫੁੱਲਾਂ ਦੀ ਖੁਸ਼ਬੋ ਬੇਅਸਰ
ਜ਼ਹਿਰ-ਜ਼ਹਿਰ ਸਾਡੇ ਜਿਸਮ
ਜ਼ਿਹਨ-ਜ਼ਿਹਨ ਸ਼ੋਰ ਜਿਹਾ
ਇੱਕ ਰਸਤਾ ਘਰ ਮੁੜ ਆਵੇ
ਦੂਸਰਾ ਜੰਗਲ ਦਾ ਰਾਹ ਦਿਖਾਵੇ



ਬੰਦੇ ਨੂੰ ਪਰ ਸਮਝ ਨਾ ਆਵੇ
ਸ਼ਾਇਰ-ਲੋਕ ਹੁਣ ਕਿੱਧਰ ਜਾਵੇ!

**ਸੁਖਮਿੰਦਰ ਸੇਖੋਂ**
**98145-07693**

◆◆◆

## ਗੱਲ ਛੱਡ ਦਿਓ ਹਥਿਆਰਾਂ ਦੀ

**ਸਰਦੂਲ ਸਿੰਘ ਔਜਲਾ**

ਬੜੀ ਹੋ ਗਈ ਗੱਲ ਦੋਨਾਲੀਆਂ ਦੀ
ਕੋਈ ਗੱਲ ਕਰੋ ਹਰਨਾਲੀਆਂ ਦੀ
ਖੜਕਦੀਆਂ ਗਲ ਟੱਲੀਆਂ ਦੀ
ਗੱਲ ਛੱਡ ਦਿਓ ਹਥਿਆਰਾਂ ਦੀ
ਗੱਲ ਕਰੋ ਕਣਕ ਦੀਆਂ ਬੱਲੀਆਂ ਦੀ

ਕੋਈ ਗੱਲ ਕਰੋ ਸੂਰਬੀਰਾਂ ਦੀ
ਕਰੋ ਯਾਦ ਕਹਾਣੀ ਵੀਰਾਂ ਦੀ
ਨਦੀਆਂ ਚੋਂ ਸੁੱਕਦੇ ਨੀਰਾਂ ਦੀ ਵਿਰਸੇ ਦੀਆਂ ਖਿਲਰਦੀਆਂ ਲੀਰਾਂ ਦੀ
ਬਣਦੇ ਗੁੜ ਭੁੱਜਦੀਆਂ ਛੱਲੀਆਂ ਦੀ
ਗੱਲ ਕਰੋ ਕਣਕ ਦੀਆਂ ਬੱਲੀਆਂ ਦੀ

ਕੋਈ ਗੱਲ ਕਰ ਲਵੋ ਫ਼ਸਲਾਂ ਦੀ
ਵਿਰਸੇ ਨੂੰ ਭੁੱਲੀਆਂ ਨਸਲਾਂ ਦੀ
ਵਿਛੜੇ ਸੱਜਣਾਂ ਦੇ ਵਸਲਾਂ ਦੀ
ਗੱਲ ਚਿੰਤਾਂ ਦੀ ਗੱਲ ਫ਼ਿਕਰਾਂ ਦੀ
ਸਿਰ ਉੱਤੇ ਮੁਸੀਬਤਾਂ ਝੱਲੀਆਂ ਦੀ
ਗੱਲ ਕਰੋ ਕਣਕ ਦੀਆਂ ਬੱਲੀਆਂ ਦੀ
ਗੱਲ ਕੁੱਖ ਵਿੱਚ ਮੋਈਆਂ ਪਰੀਆਂ ਦੀ
ਕੁਝ ਦਿਲ ਵਿੱਚ ਰੀਝਾਂ ਮਰੀਆਂ ਦੀ
ਬਾਜਰੇ,ਗੁਆਰੇ ਚਰੀਆਂ ਦੀ
ਫ਼ਸਲਾਂ ਵਿੱਚ ਜ਼ਹਿਰਾਂ ਭਰੀਆਂ ਦੀ
ਰੰਬੇ,ਦਾਤੀਆਂ ਤੇ ਪੱਲੀਆਂ ਦੀ
ਗੱਲ ਕਰੋ ਕਣਕ ਦੀਆਂ ਬੱਲੀਆਂ ਦੀ।

**ਪਿੰਡ ਤੇ ਡਾ ਸੰਗੋਜਲਾ (ਕਪੂਰਥਲਾ)-144804**
**ਮੋ. 98141-68611**

◆◆◆

*ਕਵਿਤਾ-ਅੱਜ ਦਾ ਵਿਗਿਆਨ*

## ਪਿਆਰ ਤਰੰਗਾਂ

**ਹਰਭਜਨ ਸਿੰਘ ਖੇਮਕਰਨੀ**

ਜਦ ਚਾਹਵਾਨ ਦੇ ਦਿਲ ਵਿੱਚ ਉਪਜਦੀਆਂ
ਕੁਦਰਤ ਦੇ ਸਿਰਜੇ ਸੈਟ-ਲਾਈਟ ਰਾਹੀਂ
ਮਹਿਬੂਬ ਦੇ ਦਿਲ ਨੂੰ ਜਾ ਟਕਰਾਉਂਦੀਆਂ
ਤਾਂ ਮਹਿਬੂਬ ਦਾ ਦਿਲ ਮਚਲ ਜਾਂਦਾ ਏ ।

ਵਿਗਿਆਨਕ ਸੋਚ ਵਾਲਾ ਮਨੁੱਖ
ਸੋਚਣ ਲੱਗਾ ਉਸ ਯੰਤਰ ਬਾਰੇ
ਜੋ ਭੇਜਦਾ ਹੈ ਪਿਆਰ ਤਰੰਗਾਂ
ਕਰਨ ਲੱਗਾ ਦਿਨ ਰਾਤ ਤਜਰਬੇ
ਭੌਤਿਕ ਤੇ ਸਾਇੰਸ ਵਿਗਿਆਨ ਦੇ
ਤਾਂ ਹੋਂਦ ਵਿੱਚ ਆ ਗਏ
ਰੇਡੀਓ, ਵਾਇਰਲੈੱਸ ਤੇ ਟੈਲੀਵੀਜ਼ਨ
ਪਰ ਇਹ ਯੰਤਰ ਫਿਰ ਵੀ
ਦਿਲ ਦੀ ਥਾਹ ਪਾਉਣੋਂ ਅਸਮਰੱਥ ਰਹੇ ।

ਵਿਗਿਆਨੀ ਦੀ ਖਿੱਝ ਵਿੱਚੋਂ
ਦੁਸ਼ਟ ਤਰੰਗਾਂ ਦੀ ਖੋਜ ਨਿਕਲ ਆਈ
ਤਾਂ ਹੋਂਦ ਵਿੱਚ ਆ ਗਏ ਮਾਰੂ ਹਥਿਆਰ
ਵਿਗਿਆਨੀ ਹੋਇਆ ਪਰੇਸ਼ਾਨ
ਮਨੁੱਖੀ ਹੋਂਦ ਖ਼ਤਮ ਹੋਣ ਦਾ ਅਹਿਸਾਸ
ਕਰ ਰਿਹਾ ਸੀ ਹਰ ਪਲ ਬੇਚੈਨ ।

ਵਿਗਿਆਨੀ ਨੇ ਮਨ ਹੀ ਮਨ
ਮਨੁੱਖਤਾ ਦੇ ਭਲੇ ਲਈ
ਨਸ਼ਟ ਕਰਨ ਲਈ ਦੁਸ਼ਟ ਤਰੰਗਾਂ
ਹੋਰ ਖੋਜ ਕਰਨ ਦਾ ਲਿਆ ਫੈਸਲਾ
ਪਤਾ ਲੱਗਣ ਤੇ ਸਮੇਂ ਦੇ ਹਾਕਮਾਂ ਨੇ
ਵਿਗਿਆਨੀ ਦੀ ਹੋਂਦ ਹੀ ਦਿੱਤੀ ਮਿਟਾ ।

**4381-1,ਰਣਜੀਤਪੁਰਾ, ਪੁਤਲੀਘਰ,**
**ਅੰਮ੍ਰਿਤਸਰ-143002**
**ਮੋ 98781-31525**

◆◆◆



## ਅਰਜੋਈ

**ਗੁਰਭਜਨ ਲਾਸਾਨੀ**

ਪ੍ਰਸਥਿਤੀਆਂ ਬਦਲਦੀਆਂ ਰਹੀਆਂ
ਜ਼ਿੰਦਗੀ ਦੀਆਂ ਰਾਹਾਂ ਉੱਤੇ
ਤੁਰਦੇ ਤੁਰਦੇ--
ਪਰ ਨਹੀਂ ਬਦਲੇ
ਦੋਸਤ ਮੇਰੇ
ਤਾਂ ਪਤਾ ਲੱਗਾ
ਕਿ ਦੋਸਤ ਮਤਲਬ
ਦੋ ਸੱਚ
ਜੋ ਨਹੀਂ ਬਦਲਦੇ
ਭਾਵੇਂ ਲੱਖ ਤੂਫ਼ਾਨ
ਲੱਖ ਭੂਚਾਲ ਵੀ
ਗੁਜ਼ਰ ਜਾਣ
ਦੋਸਤਾਂ ਦੀ ਹਿੱਕ ਉੱਤੋਂ
ਸ਼ਾਲਾ!
ਮੇਰੇ ਦੋਸਤ
ਸਦਾ ਸਲਾਮਤ ਰਹਿਣ

**ਪਿੰਡ ਬਾਕਰਪੁਰ ਡਾ ਰਾਏਪੁਰ ਪੀਰ ਬਖਸ਼ ਵਾਲਾ, ਕਪੂਰਥਲਾ -144819**
**ਮੋ 98724-39278**

◆◆◆

## ਸਿਰ ਪੈਰਾਂ ਤੀਕਰ ਹਰ ਗਿਆ ਉਦੋਂ

**ਸੁਖਦੇਵ ਸਿੱਧੂ**

ਕਿੰਨੀ ਛੋਹਲੀ ਜਹੇ ਮਨ-ਮਟਮੈਲਾ ਕਾਲੇ ਕਾਨੂੰਨਾਂ ਦੀ ਗਾਥਾ ਮੜ੍ਹ ਗਿਆ ਉਹ
ਪਰ ਡਰਦਾ ਮਾਰਾ ਬਗਾਵਤ ਦੇਖਕੇ ਭਿੱਜੀ ਬੱਕਰੀ ਵਾਂਗਰਾਂ ਠਰ ਗਿਆ ਉਹ

ਲੋਟੂਆਂ ਚੋਰਾਂ ਜਾਨੂੰਨੀਆਂ ਤਾਂਈ, ਅਜੇ ਵੀ ਯਾਰੀ ਨਿਭਾਉਂਦਾ ਫਿਰਦਾ ਹੈ ਕਿ
ਇਕੱਠ ਲੱਖਾਂ ਦੇ ਦੇਖ ਰਿਹੈ ਨਿੱਤ ਏਸੇ ਕਰਕੇ ਅੰਦਰੋਂ ਅੰਦਰੋਂ ਮਰ ਗਿਆ ਉਹ

ਜਿਸ ਫਿਜਾ ਵਿੱਚ ਉੱਠਦੀਆਂ ਨੇ ਮਹਿਕਾਂ ਅਤੇ ਜ਼ਮੀਨ ਵੀ ਸੁਪਨੇ ਉੱਗਦੀ ਹੈ।
ਨਵੀਂ ਚੇਤਨਾ ਕਿਉਂ ਉਸਰ ਰਹੀ ਘਰ ਘਰ, ਬਿਨਾਂ ਬਾਲਣੋਂ ਸੜ ਗਿਆ ਉਹ

ਸਭ ਕਾ ਸਾਥ ਤੇ ਵਿਕਾਸ ਹੈ ਸਭ ਕਾ, ਫਹੇ ਬਣ ਬਣਕੇ ਉੱਡ ਰਹੇ ਸੰਸਦ 'ਚੋਂ,
ਨਵੇਂ ਯੁੱਗ ਦੇ ਨਾਂ ਉੱਤੇ ਕੂੜੇ ਅੜੀਅਲ, ਕੁੱਲ ਕਲੰਕੀ ਅੱਖਰ ਧਰ ਗਿਆ ਉਹ

ਸਿਆੜ ਜੁ ਦੇਖਾਂ ਭੋਲੇ ਭਾਲੇ ਨਿਰੇ, ਸਕੂਨ ਤਾਂ ਬਖਸ਼ ਰਹੇ ਕੁੱਝ ਵੀ ਵਸੂਲੇ ਬਿਨਾਂ,
ਦਿੱਲੀਏ ਕਿਵੇਂ ਵਧ ਰਹੇ ਨੇ ਲਲਕਾਰੇ, ਕੁਫਰਾਂ ਭਰੀ ਨਦੀਆਂ ਤਰ ਗਿਆ ਉਹ

ਖੇਤਾਂ ਨਾਲ ਕਿਓ ਲਿਖ ਦਿੱਤੀ ਦੁਸ਼ਮਣੀ, ਪਰ ਖੇਤ ਹੁਣ ਕੱਢ ਰਹੇ ਜਾਗੋ ਦੇਖ ਲੋ,
ਬਹਿਕਿਆ ਜਿਹਾ ਕੀ ਭਗਵਾਂ ਨਿਕਚੂ ਸੱਪ ਬਣ ਕੇ ਖੁੱਡ ਵਿੱਚ ਵੜ ਗਿਆ ਉਹ

ਖੇਤੀ ਕੰਮਾਂ ਵਾਲੇ, ਜਮੀਰਾਂ ਦੀਆਂ ਦੋਹਾਂ ਵਾਲੇ, ਚੰਗੇਰੇ ਭਵਿੱਖ ਦੀਆਂ ਛੋਹਾਂ ਵਾਲੇ,
ਕਾਲੀ ਬਿਰਤੀ ਤੇ ਕਾਲੀ ਕਲਮ ਵੀ ਫੜਕੇ, ਪਿਛਲਖੁਰੀ ਹੱਥੇ ਚੜ੍ਹ ਗਿਆ ਉਹ

ਉਂਜ ਜਿੱਤਾਂ ਹਾਰਾਂ ਦੇ ਮਸਲਿਆਂ ਤਾਈਂ, ਯੋਧਿਆਂ ਨੂੰ ਵੀ ਬਹੁਤਾ ਫਰਕ ਨਹੀਂ ਹੁੰਦੈ !
ਹਲ ਪੰਜਾਲੀਆਂ ਤੇ ਟਰੈਕਟਰ ਨੱਚਦਿਆਂ, ਹੜਦੁੰਗੀਏ ਮਗਰੇ ਧਰ ਗਿਆ ਉਹ।

ਏਸ ਅੰਦੋਲਨ ਦਾ ਰੁਖ ਹੈ ਲੰਮੇਰਾ, ਜਨ-ਸੈਲਾਬ ਨੂੰ ਵੀ ਕੋਈ ਘਬਰਾਹਟ ਨਹੀਂ,
ਪੱਥਰ ਸੰਗੱਲੇ ਖੱਡਾਂ ਥੋੜੇ ਕੀ ਰੋਕਾਂ, ਪਰ ਕਿੱਲਾਂ ਦੀ ਖੇਤੀ ਵੀ ਤਾਂ ਕਰ ਗਿਆ ਉਹ।

ਦਿਲਾਂ ਵਾਲਿਆਂ ਅਤੇ ਸਿਦਕਾਂ ਵਾਲਿਆਂ ਫੁੱਲ ਵਰਖਾ ਦਾ ਮੌਕਾ ਆਰੰਭ ਦਿੱਤਾ ਸੀ,
ਪਲੇਠੀ ਛੱਬੀ ਲੁਕ ਦੇਖ ਰਿਹੈ ਹੈ ਅੱਜ ਵੀ ਸਿਰ ਤੋਂ ਪੈਰਾਂ ਤੀਕਰ ਹਰ ਗਿਆ ਉਹ

**ਪਿੰਡ ਤੇ ਡਾ. ਸਿੱਧਵਾਂ ਦੋਨਾ (ਕਪੂਰਥਲਾ) - 144625**
**ਮੋ. 98886-33481**

◆◆◆

## ਔਰਤ

**ਗੁਰਮੀਤ ਕੌਰ ਘੁੰਮਣ ਬੇਗੋਵਾਲ**

ਫੁੱਲਾਂ ਸੰਗ ਮਹਿਕ ਸਦਾ ਉੱਠਦੀ,
ਤੇ ਫੁੱਲਾਂ ਸੰਗ ਹੀ ਖੁਸ਼ਬੋਈ ।
ਤਦ ਜਮਾਨਾ ਸਾਡਾ ਕੋਈ ਸੋਚੇ,
ਕੇ ਧੀ ਕਿਉਂ ਪੈਦਾ ਹੋਈ ।
ਡਾਹਢੇ ਰੱਬ ਦੇ ਰੰਗ ਨੇ ਸਾਰੇ,
ਜੱਗ ਵਿੱਚ ਰਹਿ ਕੇ ਨਿਤ ਮਰਦੀ,
ਤੇ ਫਿਰ ਵੀ ਨਾ ਕਹਿੰਦੇ ਉਹ ਮੋਈ।
ਪੈਦਲ ਚੱਲ ਰਸਤਾ ਤੈਅ ਕੀਤਾ,
ਤੇ ਬੈਠੀ ਸਭ ਗਮ ਲਕੋਈ ।
ਫਕੀਰਾਂ ਨੇ ਰਲ ਮਹਿਫ਼ਲ ਕੀਤੀ,
ਕਿ ਕੌਣ ਉਸ ਦੀ ਜਨੋਈ ।
ਜਿਸ ਜਗ ਡਿੱਠਾ ਤੇ ਇਹ ਪਾਇਆ,
ਕਿ ਔਰਤ ਹੀ ਨਿਮਾਣੀ ਹੋਈ ।
ਬੰਦਾ ਬੰਦੇ ਦਾ ਵੈਰੀ ਨਹੀਂ,



ਇਹ ਔਰਤ ਕਿਉਂ ਵੈਰੀ ਹੋਈ ।
ਇਹ ਔਰਤ ਕਿਉਂ ਵੈਰੀ ਹੋਈ।

**ਪਿੰਡ ਤੇ ਡਾਕ. ਬੇਗੋਵਾਲ**
**ਕਪੂਰਥਲਾ**

◆◆◆

**ਲਖਵਿੰਦਰ ਘੁੰਮਣ ਬੇਗੋਵਾਲ**

ਮੈਨੂੰ ਯਕੀਨ ਹੈ ਅਜੇ ਵੀ ਉਹ ਆਏਗੀ
ਸੂਰਜ ਦੀਆਂ ਕਿਰਨਾਂ 'ਚ ਨਹਾ ਕੇ
ਚੰਦਰਮਾ ਦੀ ਪਰਿਕਰਮਾ ਕਰ
ਮੰਗਲ ਨੂੰ ਸੀਨੇ ਦੱਬ ਆਵੇਗੀ ਉਹ
ਮੈਨੂੰ ਯਕੀਨ ਫਿਰ ਬਰਸੇਗੀ ਬਰਸਾਤ ਅੱਖੀਆਂ ਚੋਂ
ਤੇ ਹੰਝੂ ਬਣਨਗੇ ਪੱਥਰ ਤੇ ਇਹ ਜਜ਼ਬਾਤਾਂ ਦੇ ਸੀਸ ਮਹਿਲ ਨੂੰ ਤੋੜਨਗੇ
ਮੈਨੂੰ ਯਕੀਨ ਹੈ
ਫਿਰ ਜਿੰਦਗੀ ਦੇ ਵਾਜੂਮੰਡਲ ਚ ਹਾਦਸੇ ਜਨਮ ਲੈਣਗੇ
ਸ੍ਰਿਸ਼ਟੀ ਦਾ ਨਵਾਂ ਜਨਮ ਅਲੋਕਾਰਾਂ ਨੂੰ ਸਮੇਟੇਗਾ
ਤੇ ਫਿਰ ਜਨਮ ਲਵੇਗੀ ਮੈਨੂੰ ਯਕੀਨ ਉਹ
ਸੱਧਰਾਂ ਦਾ ਤਾਰਾ ਟੁੱਟੇ ਗਾ ਜੋ ਚੰਨ ਜਿਹਾ ਪ੍ਰਕਾਸ਼ ਦੇਵੇਗਾ
ਸਮੁੰਦਰ ਦੀ ਸਤਾ ਤੇ ਆ ਸਮੁੰਦਰ ਨੂੰ ਸ਼ਾਂਤ ਕਰਨ ਚ
ਉਸ ਦੀ ਤਪਸ਼ ਆਪ ਹੀ ਸ਼ਾਂਤ ਹੋ ਜਾਵੇਗੀ
ਮੈਨੂੰ ਯਕੀਨ ਫਿਰ ਉਹ ਆਵੇਗੀ
ਇਹਨਾਂ ਅੱਖੀਆਂ ਦੇ ਸਿਰਜੇ ਹੋਏ ਸੁਪਨੇ
ਤਲੀ ਤੋਂ ਰੇਤਾ ਵਾਂਗ ਇੱਕ ਇੱਕ ਕਰਕੇ ਕਿਰ ਜਾਣਗੇ
ਤੇ ਫਿਰ ਸਬਰ ਪਿਆਲਾ ਭਰ ਜਾਵੇਗਾ
ਦੋ ਝਰਨਿਆਂ ਦੇ ਵੇਗ ਵਿੱਚ ਘੁੰਮਣ
ਕਿਤੇ ਦੂਰ ਕਿਤੇ ਦੂਰ ਚਲਾ ਜਾਵੇਗਾ
ਮੈਨੂੰ ਯਕੀਨ ਏ

**ਪਿੰਡ ਤੇ ਡਾਕ. ਬੇਗੋਵਾਲ**
**ਕਪੂਰਥਲਾ**

◆◆◆

# .ਗ਼ਜ਼ਲ ਸੱਥ

## ਸੀਤਲ ਸਿੰਘ ਗੁੰਨੋਪੁਰੀ

ਜਦ ਵੀ ਸਫ਼ਰ 'ਤੇ ਨਿਕਲਿਆ ਇਹ ਸਿਲਸਿਲੇ ਰਹੇ।
ਮੇਰੇ ਨਸੀਬ ਰਾਹ ਮਿਰਾ ਮੱਲ ਕੇ ਖੜ੍ਹੇ ਰਹੇ।

ਤੂੰ ਅਚਨਚੇਤ ਸੀ ਜਿਨ੍ਹਾਂ ਨੂੰ ਚੁੰਮਿਆਂ ਉਦੋਂ,
ਉਹ ਹੱਥ ਮਿਰੇ ਕਈ ਦਿਨਾਂ ਤੱਕ ਮਹਿਕਦੇ ਰਹੇ।

ਲਗਰਾਂ 'ਚ ਸਾਂਝ ਜੜ੍ਹ ਜਿਨ੍ਹਾਂ ਦੀ ਸੀ ਜ਼ਮੀਨ ਵਿਚ,
ਸਾਵਣ ਦੀ ਔੜ ਵਿਚ ਵੀ ਉਹ ਜੰਗਲ ਹਰੇ ਰਹੇ।

ਅੱਜ ਵੀ ਲੋਕਾਈ ਉਹਨਾਂ ਤੋਂ ਹੀ ਸੇਧ ਲੈ ਰਹੀ,
ਨਿਰਨਾ ਸਟੀਕ ਕਰਕੇ ਜੋ ਉਸ 'ਤੇ ਅੜੇ ਰਹੇ।

ਅਪਣੀ ਤਰ੍ਹਾਂ ਦੇ ਸਾਥ ਦੀ ਸਭ ਨੂੰ ਤਲਾਸ਼ ਸੀ,
ਸੋ ਕੋਲ? ਤੇਰੇ ਹੋ ਕੇ ਵੀ ਆਪਾਂ ਪਰੇ ਰਹੇ।

ਉਹ ਕਾਫ਼ਲੇ ਦੇ ਨਾਲ? ਨਾ ਮਿਲ? ਕੇ ਕਦੇ ਤੁਰੇ,
ਜੋ ਆਪਣੀ ਹੀ 'ਮੈਂ' 'ਚ ਨੱਕੋ ਨੱਕ ਭਰੇ ਰਹੇ।

ਵੈਰੀ ਰਹੇ ਜੋ ਹਾਸਿਆਂ ਦੇ ਮੁੱਢ ਕਦੀਮ ਤੋਂ,
ਉਹ ਨਿਤ ਬਹਾਨੇ ਰੋਣ ਦੇ ਹੀ ਖੋਜਦੇ ਰਹੇ।

ਬਦਲੇ ਸਮੇਂ ਦੇ ਨਾਲ? ਨਾ ਬਦਲੇ ਰਤਾ ਅਸੀਂ,
ਜੇਹੋ ਜਿਹੇ ਸੀ 'ਸੀਤਲਾ' ਓਹੋ ਜਿਹੇ ਰਹੇ।

**ਗੋਲਡਨ ਐਵੀਨਊ, ਮੇਹਰ ਚੰਦ ਰੋਡ,**
**ਗੁਰਦਾਸਪੁਰ-143521**
**ਮੋ. 98153-15034**

◆◆◆

## ਸਰਦਾਰ ਪੰਛੀ

ਕਿੰਨੀ ਅਜੀਬ ਜੰਗ ਹੈ ਇਹ ਬਹਿ ਕੇ ਨਾਲ ਨਾਲ।
ਸਾਹਾਂ ਦੇ ਵਾਰ ਰੋਕਣਾ ਸਾਹਾ ਦੀ ਵਾਲ ਨਾਲ।

ਸੂਖਮ ਖਿਆਲ ਨਾਲ ਤੇ ਫ਼ਨ ਦੋ ਕਮਾਲ ਨਾਲ।
ਸ਼ਿਅਰਾਂ ਦੇ ਫੁੱਲ ਲਗਦੇ ਨੇ ਗਜ਼ਲਾਂ ਦੀ ਵਾਲ ਨਾਲ।



ਨਗਮਾ ਗ਼ਜ਼ਲ ਰੁਬਾਈ ਕਹਾਣੀ ਮਸ਼ਵਿਰੀ
ਕੀ ਕੀ ਨਿਕਲ ਕੇ ਆ ਗਿਆ ਦਿਲ ਦੇ ਉਬਾਲ ਨਾਲ।

ਕਰ ਤਾ ਲਿਆ ਹੈ ਇਸ਼ਕ ਸੰਗ ਇਸ ਦਿਲ ਨੇ ਕਾਰੋਬਾਰ,
ਨਿਭਦੀ ਹੈ ਵੇਖੋ ਕਿਸ ਤਰ੍ਹਾਂ ਇਸ ਭਾਈਵਾਲ ਨਾਲ।

ਇਕ ਦਰਦ ਦੋ ਦੋ ਮੌਸਮਾਂ ਦੇ ਨਾਲ ਜੁੜ ਗਿਆ ਹੈ।
ਹੋਕਾ ਹੁਨਾਲ ਨਾਲ ਤੋ ਸਿਸਕੀ ਸਿਆਲ ਨਾਲ।

ਉਸਦੀ ਵੀ ਝਲ ਮੋਤੀਆਂ ਦੇ ਨਾਲ ਭਰ ਗਈ,
ਪੂੰਝੇ ਗ਼ਜ਼ਲ ਦੇ ਅੱਥਰੂ ਜਿਸ ਨੇ ਰੁਮਾਲ ਨਾਲ।

ਉਸ ਨੇ ਮਨਾ ਹੀ ਲੈਣਾ, ਆਪਣੇ ਉਸ ਯਾਰ ਨੂੰ,
ਜਿਸ ਨੇ ਵੀ ਨੱਚਣਾ ਸਿੱਖ ਲਿਆ ਇਸ਼ਕ ਦੀ ਤਾਲ ਨਾਲ।

ਇਸ ਨੂੰ ਸੰਜੀਦਾ ਹੋਣ ਲਈ ਕੁਝ ਆਖ ਦਿਲਬਰਾ,
ਤੇਰਾ ਜਵਾਬ ਖਹਿ ਰਿਹਾ ਮੇਰੇ ਸਵਾਲ ਨਾਲ।

ਇਹ ਇਕ ਮਾਂ ਦੇ ਲਾਡਲੇ ਜੁੜਵਾ ਨੇ ਵੀਰ ਦੋ,
ਜੰਮਦਾ ਹਮੇਸ਼ਾ ਹਿਜਰ ਹੈ ਆਪਣੇ ਵਿਸ਼ਾਲ ਨਾਲ।

ਜਾਵੇ ਤਾਂ ਜਾਵੇ ਕਿਸ ਤਰਾ ਛੱਡ ਕੇ ਆਰਾਮ ਗਾਹ
'ਪੰਛੀ' ਦਾ ਪਿਆਰ ਪੈ ਗਿਆ ਜ਼ੁਲਫਾਂ ਦੇ ਜਾਲ ਨਾਲ।

**ਜੇਠੀ ਨਗਰ-ਮਾਲੇਰਕੋਟਲਾ ਰੋਡ ਖੰਨਾ-141401 ਪੰਜਾਬ**
**94170-91668**

◆◆◆

## ਹਰਪ੍ਰੀਤ ਸਿੰਮੀ ਗੁਰਦਾਸਪੁਰ

**ਮੋ. 87258-36884**



ਜਾਤ ਪਾਤ ਧਰਮ ਦੇ ਬਜ਼ਾਰ ਨੇ।
ਨਫ਼ਰਤਾਂ ਦੇ ਤੀਰ ਬੇਸ਼ੁਮਾਰ ਨੇ।
ਹੌਂਸਲੇ ਨਾ ਮੰਨਦੇ ਨੇ ਹਾਰ ਜਦ
ਮੰਜ਼ਿਲਾਂ ਦੇ ਖੁੱਲ੍ਹਦੇ ਦੁਆਰ ਨੇ।

ਮਰ ਚੁੱਕੀ ਉਨ੍ਹਾਂ ਦੀ ਹੁਣ ਜ਼ਮੀਰ ਹੈ,
ਜਿਸਮ ਦਾ ਜੋ ਕਰ ਰਹੇ ਵਪਾਰ ਨੇ।
ਪਿੰਜਰੇ' ਚ ਤੜਫਦੀ ਹੈ ਜ਼ਿੰਦਗੀ,
ਪੰਛੀਆਂ ਨੂੰ ਵੇਖਿਆ ਲਾਚਾਰ ਨੇ।

ਬਦਲਦੇ ਜੋ ਚਿਹਰਿਆਂ ਨੂੰ ਵੇਖਣਾ,
ਵੇਖ ਮਨ ਦੀ ਅੱਖ ਤੋਂ ਜੋ ਪਾਰ ਨੇ।

ਸ਼ੱਕ ਦਾ ਉਹ ਬੀਜ ਬੋ ਕੇ ਤੁਰ ਗਿਆ,
ਪਾੜ ਪਾ ਕੇ ਰੱਖਤਾ ਦਰਾਰ ਨੇ।

ਮੌਸਮਾਂ ਦਾ ਮਾਲਕਾ ਖਿਆਲ ਕਰ,
ਆ ਚਮਨ ਤੂੰ ਵੇਖ ਬੇ-ਬਹਾਰ ਨੇ।

**ਮਕਾਨ ਨੰ. 551/10 ਦੇਸ਼ ਭਗਤ ਨਗਰ,**
**ਹਰਦੋਛੰਨੀ ਰੋਡ, ਗੁਰਦਾਸਪੁਰ-143521**

◆◆◆

## ਪਾਲ ਗੁਰਦਾਸਪੁਰੀ



ਖੌਫ਼, ਚਿੰਤਾ, ਸੰਨਾਟਾ ਮੰਜ਼ਰ ਹੈ
ਡੁਸਕੇ ਮੁੰਡੇਰ ਤੇ ਕਬੂਤਰ ਹੈ

ਅੱਖਾਂ ਸਾਹਵੇਂ ਜੋ ਲੋਕਤੰਤਰ ਹੈ
ਦਰਅਸਲ ਝੂਠ ਹੈ ਅਡੰਬਰ ਹੈ

ਮੁਖਬਰੀ ਹੈ, ਜਸੂਸ ਰਹਿਬਰ ਹੈ
ਪਟਕਥਾ ਵਿਚ ਪੁਰਾਣਾ ਪਾਤਰ ਹੈ

ਥੰਮ ਗਈ ਸੈਰਕਾਂ ਦੀ ਹੁਣ ਚੀਂ ਚੀਂ
ਆਇਆ ਲਗਦਾ ਕਿਤੇ ਬਵੰਡਰ ਹੈ

ਧੂੰਆਂ, ਅੱਗਾਂ,ਅੰਬਾਰ ਲਾਸ਼ਾਂ ਦੇ
ਕਾਦਰ ਇੰਝ ਦੈ ਤਾਂ ਕਾਹਦਾ ਕਾਦਰ ਹੈ

ਬੁਝੇ ਚੁੱਲਿਆਂ 'ਚ ਘਾਹ ਹੈ ਉੱਗ ਆਇਆ
ਮਹਿਲ ਖੰਡਰ,ਜ਼ਮੀਨ ਬੰਜਰ ਹੈ

ਸਭ ਨੇ ਸੁਸਰੀ ਤਰ੍ਹਾਂ ਹੈ ਸੌਂ ਜਾਣਾ
ਜੀਣਾ ਮਰਨਾ ਰਤੀ ਕੁ ਅੰਤਰ ਹੈ

ਤਾਨ ਵੰਝਲੀ ਦੀ ਗੁੰਮ ਗਈ ਕਿਧਰੇ
ਘੂਕ ਘੁੱਗੂ ਦੀ ਦੂਰ ਤੀਕਰ ਹੈ

ਵੇਖ ਟੈਂਕ ਦੌੜਦੇ,ਹੈ ਹਸਦੀ ਪਈ
ਕੀ ਪਤਾ ਬਾਲੜੀ ਨੂੰ ਲਸ਼ਕਰ ਹੈ



ਦੋਗਲਾਪਣ, ਹੰਕਾਰ ਤੇ ਵਿਭਚਾਰ
ਫਿਰ ਵੀ ਵੇਖੋ ਬੜਾ ਕਲੰਦਰ ਹੈ

ਚਾਲਬਾਜ਼ੀ, ਗਪੌੜ ਲਾਸਾਨੀ
ਝੂਠ ਬੋਲਣ 'ਚ ਬਹੁਤ ਮਾਹਰ ਹੈ

ਨਾ ਇਹ ਨਾਦਾਨੀ ਹੈ ਨਾ ਚਾਲਾਕੀ
ਭਰਮ ਉਸ ਦਾ ਵੀ 'ਮੈਂ' ਦਾ ਪਿੰਜਰ ਹੈ

ਕੂਟਨੀਤੀ 'ਚ ਰਾਜਨੀਤੀ ਏ
ਉਸ ਦੀ ਨੀਤੀ ਵੀ ਗਰਜ ਤੀਕਰ ਹੈ

ਚੈਨਲਾਂ ਤੇ ਉਧੇੜਦੇ ਬਖੀਏ
ਵਿਕੀ ਹੋਈ ਜ਼ੁਬਾਂ ਨੂੰ ਟੱਕਰ ਹੈ

ਪੁਤਲੀਆਂ ਕਰਨ ਵੀ ਤਾਂ ਕੀ ਕਰਨ ਅੱਜ
ਡੋਰ ਬੰਦਿਸ਼, ਸੰਵੇਦਨਾ ਜਰਜਰ ਹੈ

ਧਰਮ ਬਾਝੋਂ ਹੀ ਜੀ ਲਵੋ,ਇਸ ਦੀ
ਜੜ੍ਹ 'ਚ ਹਉਮੈ, ਫਸਾਦ ਅੰਦਰ ਹੈ

ਹਵਾ, ਪਾਣੀ , ਇਲਾਜ,ਅੰਨ, ਸ਼ਿਖਸ਼ਾ
ਸਭ ਲਈ ਕਿੱਥੇ ਇੱਕ ਬਰਾਬਰ ਹੈ

ਖ਼ੂਨ ਚੜ੍ਹਦੇ ਦਾ, ਖ਼ੂਨ ਲਹਿੰਦੇ ਦਾ
ਖ਼ੂਨੋਂ- ਖ਼ੂਨੀ ਪੰਜਾਬ ਆਖਰ ਹੈ

ਕਿੰਝ ਦੇ ਸ਼ਮਸ਼ਾਨਘਾਟ ਨੇ ਅੱਜਕਲ੍ਹ
ਸਿਵੇ ਬਲਦੇ,ਨਾ ਕੋਈ ਚਾਂਗਰ ਹੈ

ਸਦੀ ਪੌਣੀ ਤੋਂ,ਲੜਦੀਆਂ ਬਿੱਲੀਆਂ
ਪਿਆ ਤੱਕਦਾ ਤਮਾਸ਼ਾ ਬਾਂਦਰ ਹੈ

ਨਫ਼ਰਤਾਂ ਛੱਡ ਮੁਹੱਬਤਾਂ ਵੰਡੋ
ਦੁਆ ਕਰਦਾਂ,ਸਮਾਂ ਭਿਅੰਕਰ ਹੈ

ਖੌਫ਼, ਚਿੰਤਾ, ਸੰਨਾਟਾ ਮੰਜ਼ਰ ਹੈ
ਡੁਸਕੇ ਮੁੰਡੇਰ ਤੇ ਕਬੂਤਰ ਹੈ

**480-ਨਿਊ ਸ਼ਾਸ਼ਤਰੀ ਨਗਰ,**
**ਪਠਾਨਕੋਟ-145001**

◆◆◆

**ਮਹਿੰਦਰ ਸਿੰਘ ਮਾਨ**

ਜਦ ਖ਼ੁਦਾ ਦੇ ਹੱਥ ਸਭ ਦੀ ਡੋਰ ਹੈ,
ਫੇਰ ਉਸ ਤੋਂ ਕੌਣ ਵੱਡਾ ਹੋਰ ਹੈ ?
ਰਾਜਿਆਂ ਤੋਂ ਭੀਖ ਮੰਗਾਵੇ ਖ਼ੁਦਾ,
ਉਸ ਦੇ ਅੱਗੇ ਚਲਦਾ ਕਿਸ ਦਾ ਜ਼ੋਰ ਹੈ ?
ਆਣਾ ਸੀ ਇਹ ਵੀ ਜ਼ਮਾਨਾ ਦੋਸਤੋ
ਚੋਰ ਨੂੰ ਹਰ ਕੋਈ ਲਗਦਾ ਚੋਰ ਹੈ।
ਚਿਮਨੀਆਂ ਵਿੱਚੋਂ ਨਿਕਲਦੇ ਧੂੰਏਂ ਨੇ,
ਇਕ ਨਾ ਇਕ ਦਿਨ ਬਣਨਾ ਆਦਮ ਖੋਰ ਹੈ।
ਕੋਈ ਬਚ ਨਹੀਂ ਸਕਦਾ ਲੱਚਰ ਗੀਤਾਂ ਤੋਂ
ਸੁਣ ਰਿਹਾ ਸਭ ਨੂੰ ਇਨ੍ਹਾਂ ਦਾ ਸ਼ੋਰ ਹੈ ।
ਕਿਸ ਤਰ੍ਹਾਂ ਉਹ ਆਦਮੀ ਅੱਗੇ ਵਧੂ,
ਜਿਸ ਦੇ ਮਨ ਦਾ ਘੋੜਾ ਹੀ ਕਮਜ਼ੋਰ ਹੈ ।
ਬਾਕੀਆਂ ਦੇ ਸ਼ੇਅਰ ਵੀ ਚੰਗੇ ਨੇ, ਪਰ
"ਮਾਨ"ਦੇ ਸ਼ੇਅਰਾਂ ਦੀ ਗੱਲ ਕੁੱਝ ਹੋਰ ਹੈ ।

**ਪਿੰਡ ਤੇ ਡਾ ਰੱਕੜਾਂ ਢਾਹਾਂ**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ** -144526
**ਮੋ 99158-03554**

◆◆◆

**ਸੁਭਾਸ਼ ਦੀਵਾਨਾ ਗੁਰਦਾਸਪੁਰ**



ਹੁਕਮ ਹੈ ਰਹਿਬਰ ਦਾ ਦਿਨ ਨੂੰ ਰਾਤ ਆਖੋ।
ਤੇ ਹਕੀਕਤ ਨੂੰ ਬਣਾਉਟੀ ਬਾਤ ਆਖੋ।

ਸੁੱਟ ਰਿਹੈ ਅੰਗਿਆਰ ਤਪਦਾ ਜੇਠ ਭਾਵੇਂ,
ਹਾਕਮ ਆਖੇ ਏਸ ਨੂੰ ਬਰਸਾਤ ਆਖੋ।

ਸਾਹ ਕਿ ਜਿਹੜਾ ਆ ਰਿਹਾ ਤੇ ਜਾ ਰਿਹਾ ਹੈ,
ਆਕਾ ਕਹਿੰਦੈ 'ਇਸ ਨੂੰ ਮੇਰੀ ਦਾਤ ਆਖੋ'।

ਨਾਮ ਦੇ ਹੁਣ ਅਰਥ ਘੱਟ ਹੀ ਰਹਿ ਗਏ ਨੇ,
ਆਖਣੈ ਤਾਂ ਧਰਮ ਜਾਂ ਫਿਰ ਜਾਤ ਆਖੋ।

ਜਾਨ ਨੂੰ ਕਿਸ ਵਾਸਤੇ ਜੋਖ਼ਿਮ 'ਚ ਪਾਉਣਾ,
ਸਭ ਸਹੀ ਹੈ ਵਧੀਆ ਨੇ ਹਾਲਾਤ ਆਖੋ।



ਦੇਸ਼ ਭਗਤੀ ਦਾ ਲਗਾ ਕੇ ਫ਼ਰਜ਼ੀ ਚਸ਼ਮਾ,
ਸੰਧਿਆ ਨੂੰ ਇਕ ਨਵੀਂ ਪ੍ਰਭਾਤ ਆਖੋ।

ਉਲਟ ਜਾ ਕੇ ਆਤਮਾ ਤੇ ਦਿਲ-ਜਿਗਰ ਦੇ,
ਕਹਿ ਸਕੋ ਤਾਂ ਆਪਣੇ ਜਜ਼ਬਾਤ ਆਖੋ।

ਅਰਥੀ ਉੱਠੇਗੀ ਜਦੋਂ ਜਮਹੂਰੀਅਤ ਦੀ,
ਉਹ ਤਾਂ ਆਖਣਗੇ ਇਹਨੂੰ ਬਾਰਾਤ ਆਖੋ।

313/13, **ਗੋਪਾਲ ਨਗਰ ਗੁਰਦਾਸਪੁਰ**-143521
**ਮੋ. 98888-29666**

◆◆◆

# ਗੀਤਾਂ ਦੀ ਗੂੰਜ

## ਦੇਸ਼ ਭਗਤ

**ਸੁਰਜੀਤ ਦੇਵਲ**

ਮੈਂ ਆਵਾਜ਼ ਹਾਂ ਹੱਕ ਸੱਚ ਦੀ
ਹੱਕਾਂ ਲਈ ਲਾਟ ਸੀਨੇ ਮੱਚਦੀ
ਹੱਕਾਂ ਲਈ ਫਾਂਸੀ ਚੜ੍ਹਦਿਆਂ ਵੀ
ਇਨਕਲਾਬ -ਜ਼ਿੰਦਾਬਾਦ ਕਹਾਂਗਾ ।
ਮੈਂ ਆਵਾਜ਼ ਹਾਂ ----- ।

ਚੁੱਪ ਕਰਕੇ ਜ਼ੁਲਮ ਕਦੇ ਸਹਿਣਾ ਨਈਂ
ਐਵੇਂ ਅੰਦਰੋਂ ਖੁਰਦਿਆਂ ਰਹਿਣਾ ਨਈਂ
ਮੈਂ ਜੂਝਦਿਆਂ ਦਮ ਲੈਣਾ ਨਈਂ
ਦੁਸ਼ਮਣ ਸੰਗ ਖਹਾਂਗਾ ।
ਮੈਂ ਆਵਾਜ਼ ਹਾਂ ---- ।

ਦੁੱਖ ਟੁੱਟੇ ਨਾ ਬਿਨ ਇਲਾਜਾਂ ਤੋਂ
ਨਾ ਮੈਂ ਡਰਦਾ ਤਖਤਾਂ ਤਾਜਾਂ ਤੋਂ
ਹੱਕਾਂ ਲਈ ਦੂਰ ਲਿਹਾਜਾਂ ਤੋਂ
ਮੈਂ ਸਦਾ ਰਹਾਂਗਾ ।
ਮੈਂ ਆਵਾਜ਼ ਹਾਂ----।

ਮਿਰੇ ਰਾਹੀਂ ਕੰਡੇ ਬਿਖਰੇ ਨੇ
ਭਾਵੇਂ ਇਹ ਪੈਂਡੇ ਤਿਖੜੇ ਨੇ

ਸਦਾ ਸਿਦਕ ਸੂਲੀ ਤੇ ਨਿਖਰੇ ਨੇ
ਨਾ ਨਿੱਠ ਕੇ ਬਹਾਂਗਾ ।
ਮੈਂ ਆਵਾਜ਼ ਹਾਂ ––––––।

"ਦੇਵਲ "ਮੈਂ ਦੁੱਖਾਂ ਦੇ ਮਾਰੇ ਨੂੰ
ਲਾਉਣਾ ਟਹਿਕਣ ਵਤਨ ਪਿਆਰੇ ਨੂੰ
ਮਾਣ ਸੂਲੀ ਦੇ ਪੀਂਘ ਹੁਲਾਰੇ ਨੂੰ
ਨਾ ਸਿਦਕੋਂ ਢਹਾਂਗਾ ।
ਮੈਂ ਆਵਾਜ਼ ਹਾਂ –––––।

**102/490, ਸ਼ਿਵਪੁਰੀ, ਨੇੜੇ ਬਾਬਾ ਬਾਲਕ ਨਾਥ ਮੰਦਿਰ ਧੂਰੀ**
**ਜ਼ਿਲ੍ਹਾ ਸੰਗਰੂਰ -148024**
**ਮੋ-92563-67202**

◆◆◆

## ਦਲ ਬਦੂਲ ਨੇਤਾ

**ਪ੍ਰੋ. ਸਤਵਿੰਦਰ ਬੇਗੋਵਾਲੀਆ**



ਵਤਨ ਨੂੰ ਆਜ਼ਾਦ ਕਰਾਇਆ
ਦੇਸ਼ ਭਗਤ ਹੋਏ ਕੁਰਬਾਨ
ਅੱਜ ਸ਼ਰਮ ਲਾਲ ਕੇ ਦਲ ਬਦਲੂ
ਕਰਦੇ ਲੋਕ ਰਾਜ ਦਾ ਘਾਣ।
ਚੋਣਾਂ ਦੇ ਮੌਸਮ ਵਿੱਚ
ਬਰਸਾਤੀ ਡੱਡੂ ਆਉਂਦੇ ਨੇ।
ਮੂਹਰੇ ਲੇਟ ਦਲਾਲਾਂ ਰਾਹੀਂ
ਬੋਲੀ 'ਚ ਭਾਅ ਚੜਾਉਂਦੇ ਨੇ।
ਗਲ 'ਚ ਨਵਾਂ ਪਟਾ ਵੇਖ
ਹੈਰਾਨ ਹੋਇਆ ਇਨਸਾਨ
ਅੱਜ ਸ਼ਰਮ.....

ਪਸ਼ੂਆਂ ਦੀ ਮੰਡੀ ਲੱਗ ਗੀ
ਝੋਟੇ ਦੀ ਖੋਲ੍ਹ ਗਈ ਨੱਥ
'ਤੱਕੜੀ' ਨੇ ਫੜਿਆ 'ਝਾੜੂ'
'ਫੁੱਲ' ਵਿੱਚ ਤੁੱਲਿਆ 'ਹੱਥ'
'ਝਾੜੂ' ਦੇ ਕੁੱਝ ਤੀਲੇ ਨਿਕਲੇ
ਹੋਏ ਸ਼ਰੇਆਮ ਨੀਲਾਮ।
ਅੱਜ ਸ਼ਰਮ....



ਮਾਈਕ ਫੜ ਕੇ ਸੰਘ ਪਾੜੂ
ਜੋ ਲੋਕਾਂ ਨੂੰ ਰਾਹ ਸੀ ਵਿਖਾਉਂਦੇ
ਕਿੱਥੇ ਗਈ ਭਾਸ਼ਣ-ਵਿੱਦਿਆ
ਜੋ ਅੱਖਰਾਂ ਦੀ ਬਾਤ ਸੀ ਪਾਉਂਦੇ।
ਵੇਖ ਕੇ ਕੱਟੇ ਵੱਛੇ ਹੱਸੇ
ਕਿਵੇਂ ਡਿੱਗੇ ਇਹ ਭਲਵਾਨ
ਅੱਜ ਸ਼ਰਮ.....

ਵੱਡਿਆਂ ਦਲਾਂ ਦੀਆਂ ਭਾਰੀਆਂ ਜੇਬਾਂ
ਸਿੱਕਿਆਂ ਦੀ ਕਰ ਦਿੱਤੀ ਛੋਟ।
ਮੂੰਗਫ਼ਲੀ ਛਕਦਾ ਸੀ ਰੋਜ਼
ਕਹਿੰਦਾ ਖਾਣੇ ਹੁਣ ਅਖਰੋਟ
ਮਾਇਆ ਬਣ ਗਈ ਨਾਗਣੀ
ਮਾਇਆ ਹੀ ਭਗਵਾਨ
ਅੱਜ ਸ਼ਰਮ...

ਜਦ ਕਿਸ਼ਤੀ ਤੇਜ਼ ਸੀ ਚਲਦੀ
ਭੱਜ ਭੱਜ ਹੋਏ ਸਵਾਰ।
ਜ਼ਰਾ ਕਿਸ਼ਤੀ ਤੁਫ਼ਾਨ ਨੇ ਘੇਰੀ
ਉਡ ਪੁਡ ਹੋਏ ਫਰਾਰ
ਘਰ ਦੀ ਰਾਖੀ ਕਰਦੇ ਕਰਦੇ
ਕੁੱਤਾ ਵੀ ਦੇ ਦਿੰਦਾ ਜਾਨ
ਅੱਜ ਸ਼ਰਮ ਲਾਹ ਕੇ ਦਲ ਬਦਲੂ
ਕਰਦੇ ਲੋਕ ਰਾਜ ਦਾ ਘਾਣ।

**ਮੋ. 98154-65620**

◆◆◆

## ਉਡੀਕ

**-ਅਸ਼ੋਕ ਟਾਂਡੀ**

ਨੀ ਅੱਜ ਮੇਰਾ ਮਾਹੀ ਆਉਣਾ ਏ, ਨੀ ਅੱਜ ਮੇਰਾ ਮਾਹੀ ਆਉਣਾ ਏ।
ਅੱਖ ਫੜਕੇ 'ਤੇ ਸੀਨਾ ਮੇਰਾ ਧੜਕੇ, ਕਿਸੇ ਨੇ ਮੈਨੂੰ ਗਲ ਲਾਉਣਾ ਏ।
ਨੀ ਅੱਜ ਮੇਰਾ ਮਾਹੀ.....।

ਹੱਥ ਪੈਰ ਕੂਚੇ, ਲਾਇਆ ਦੰਦਾਂ ਨੂੰ ਦੰਦਾਸਾ ਨੀਂ,
ਇਲਾਹੀ ਖੁਸ਼ੀ ਛਾਈ, ਆਵੇ ਮਿੱਠਾ ਮਿੱਠਾ ਹਾਸਾ ਨੀਂ।

ਲਾਲ ਚੂੜਾ ਪਾਉਣਾ ਨੀ ਮੈਂ, ਮੱਥੇ ਟਿੱਕਾ ਲਾਉਣਾ ਏ,
ਨੀ ਅੱਜ ਮੇਰਾ ਮਾਹੀ......।

ਆਇਆ ਹੈ ਸੁਨੇਹਾ ਮੈਨੂੰ ਮਾਹੀ ਜੀ ਦੇ ਆਉਣਾ ਦਾ,
ਹੋਵਾਂਗੀ ਸੁਹਾਗਣ, ਮੌਕਾ ਮਿਲੂ ਪਿਆਰ ਜਤਾਉਣ ਦਾ।
ਵਹੁਟੀ ਵਾਂਗੂੰ ਸੱਜਣਾ, 'ਟਾਂਡੀ'ਬਣਨਾ ਪ੍ਰਾਹੁਣਾ ਏ,
ਨੀ ਅੱਜ ਮੇਰਾ ਮਾਹੀ.....।

ਹੌਲੀ ਤੁਰੇ ਘੜੀ ਅੱਜ ਵਕਤ ਕਿਉਂ ਨਹੀਂ ਲੰਘਦਾ,
ਕੰਨ ਉਠ ਪੈਂਦੇ ਜਦ ਕੋਈ ਗਲੀ ਵਿੱਚ ਖੰਘਦਾ।
ਲੈਣੀ ਆ ਮੈਂ ਬਿੜਕਾਂ, ਕਿਸੇ ਗੇਟ ਖੜਕਾਉਣਾ ਏ,
ਨੀ ਅੱਜ ਮੇਰਾ ਮਾਹੀ.....।

ਕਰੇ ਰਾਖੀ ਦੇਸ਼ ਦੀ, ਰਹੇ ਹੱਦਾਂ ਉਤੇ ਡੱਟ ਕੇ,
ਆਇਆ ਜਦ ਮਾਹੀ, ਨੀ ਮੈਂ ਅੱਗ ਲੱਗੂ ਨੱਠ ਕੇ।
ਮੁਦਤਾਂ ਦੇ ਬਾਅਦ, ਅੱਜ ਇਕਮਿਕ ਹੋਣਾ ਏ,
ਨੀ ਅੱਜ ਮੇਰਾ ਮਾਹੀ......।

538, **ਮੁਹੱਲਾ ਕੋਟ ਰਾਮ ਦਾਸ**
**ਡਾਕ ਚੋਗਿੱਟੀ, ਜਲੰਧਰ**

◆◆◆

## ਟੱਪੇ

ਕੋਈ ਡੋਲਦਾ ਪਾਰਾ ਏ।
ਦਿਲ ਦੇ ਗੋਡੇ ਦੀ ਸੈਟ ਦਾ,
ਵੱਖੋ-ਵੱਖਰਾ ਨਜ਼ਾਰਾ ਏ।

ਕੋਈ ਪਿੰਡ ਕਥਲੌਰ ਮਾਹੀਆ,
ਅੱਖਾਂ ਵਿੱਚ ਰੇਤਾ ਪਾ ਗਿਆ,
ਕਿਤੇ ਰਾਵੀ ਤੇ ਨਹੀਂ ਕੋਲ ਮਾਹੀਆ ?

ਮਾਲਿਕ ਨੂੰ ਬੁਲਾਉਂਦੇ ਪਏ,
ਕੰਧਾਂ ਦੀਆਂ ਖੋੜਾਂ 'ਚੋਂ
ਤਾੜੀ ਪਿੱਪਲ ਵਜਾਉਂਦੇ ਪਏ।

ਰੰਗ ਫੁੱਲਾਂ ਉਤੇ ਚਾੜਦੀ ਸੀ
ਜਦ ਸੀ ਸਕੂਲੋਂ ਆਉਂਦੇ,
ਮਾਂ ਬਾਹਵਾਂ ਨੂੰ ਉਲਾਰਦੀ ਸੀ।



ਕੋਠੇ 'ਤੇ ਪੌਣ ਖਰੇ
ਕੰਮ ਸਾਫ਼ ਸੁਥਰੇ ਮਾਏ,
ਹੋਰ ਤੇਰੇ ਬਾਝੋਂ ਕੋਣ ਕਰੇ।

**ਵਿਜੇ ਕੁਮਾਰ 'ਤਾਲਿਬ'**
**ਪਿੰਡ ਤੇ ਡਾਕ. ਤਾਲਿਬਪੁਰ ਪੰਡੋਰੀ**
**ਗੁਰਦਾਸਪੁਰ** 94177-36610

◆◆◆

# ਪੁਸਤਕ ਸਮੀਖਿਆ

**ਬਚਨ ਸਿੰਘ ਗੁਰਮ**

ਸੁਖਮਿੰਦਰ ਸੇਖੋਂ ਦੀ ਕਾਵਿ-ਪੁਸਤਕ ' ਕਵਿਤਾ ਦੇ ਪੈਰਾਂ ਵਿੱਚ ਕਵੀ ' ਪੜ੍ਹਦਿਆਂ

ਬਹੁ-ਵਿਧਾਵੀ ਤੇ ਸੀਨੀਅਰ ਸਾਹਿਤਕਾਰ ਸੁਖਮਿੰਦਰ ਸੇਖੋਂ ਨੇ ਇਸ ਪੁਸਤਕ ਤੋਂ ਪਹਿਲਾਂ ਕਹਾਣੀ, ਮਿੰਨੀ ਕਹਾਣੀ, ਨਾਵਲ, ਨਾਟਕ ਅਤੇ ਹੋਰ ਵਿਧਾਵਾਂ ਵਿੱਚ ਕਾਮਯਾਬੀ ਨਾਲ ? ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦਿਆਂ ਡੇਢ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕੀਤੀ ਹੈ।

ਹਥਲੀ ਪੁਸਤਕ ਉਸਦੀ ਪਲੇਠੀ ਕਾਵਿ-ਪੁਸਤਕ ਹੈ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਲੇਖਕ ਪਹਿਲਾਂ ਕਵਿਤਾ ਲਿਖਣੀ ਸ਼ੁਰੂ ਕਰਦੇ ਹਨ ਪਰ ਸੇਖੋਂ ਨੇ ਇਸ ਲੀਹ ਨੂੰ ਤੋੜਿਆ ਹੈ।

ਅੱਸੀ ਪੰਨਿਆਂ ਦੀ ਇਹ ਪੁਸਤਕ, ਜਿਸਦੀ ਕੀਮਤ ਦੋ ਸੌ ਰੁਪਏ ਹੈ, ਸਾਹਿਤਯ ਕਲਸ਼ ਪਬਲੀਕੇਸ਼ਨ, ਪਟਿਆਲਾ ਨੇ ਛਾਪੀ ਹੈ।

ਇਸ ਪੁਸਤਕ ਵਿਚਲੀਆਂ ਕਵਿਤਾਵਾਂ ਵੱਖੋ-ਵੱਖ ਵਿਸ਼ਿਆਂ ਨੂੰ ਲੈ ਕੇ ਨਿਵੇਕਲੇ ਢੰਗ ਨਾਲ ਲਿਖੀਆਂ ਗਈਆਂ ਹਨ।

ਪੇਸ਼ ਹਨ ਕੁਝ ਵੰਨਗੀਆਂ :-

ਹਰ ਬਾਜ਼ੀ ਮੈਂ ਹਾਰ ਖੜ੍ਹਾ ਹਾਂ
ਆਰ ਖੜ੍ਹਾ ਜਾਂ ਪਾਰ ਖੜ੍ਹਾ ਹਾਂ
ਖ਼ੁਸ਼ੀ ਗ਼ਮੀ ਤੋਂ ਪਾਰ ਖੜ੍ਹਾ ਹਾਂ
ਤੂੰ ਕੀ ਜ਼ਾਲਿਮ ਹੱਦ ਕਰੇਂਗਾ
ਹੱਦ ਤੋਂ ਵੀ ਮੈਂ ਪਾਰ ਖੜ੍ਹਾ ਹਾਂ

ਤੇਰੇ ਤੇ ਮੇਰੇ ਵਿੱਚ ਦੱਸ ਭਲਾਂ ਝਗੜਾ ਕੀ ਹੈ
ਬੰਦਾ ਤੂੰ ਤੇ ਬੰਦਾ ਮੈਂ ਫੇਰ ਰੌਲਾ ਕੀ ਹੈ ?

ਕਾਤਲ ਨੂੰ ਕਾਤਲ ਨਾ ਕਹਾਂ ਤਾਂ ਕੀ ਕਹਾਂ
ਮਾਸੂਮ ਨੂੰ ਮਾਸੂਮ ਨਾ ਕਹਾਂ ਤਾਂ ਕੀ ਕਹਾਂ

ਕਵਿਤਾ ਸਾਰੇ ਵਹਿਮਾਂ-ਭਰਮਾਂ-ਧਰਮਾਂ ਤੋਂ ਪਾਰ
ਕਵਿਤਾ ਦਾ ਆਪਣਾ ਇੱਕ ਅਲੱਗ ਸੰਸਾਰ
ਕਵਿਤਾ ਨਾ ਕਿਸੇ ਤਾੜੀ ਦੀ ਮੋਹਤਾਜ।

ਜਦੋਂ ਮਿਲਿਆ ਉਹ ਹਿੰਦੂ, ਸਿੱਖ
ਜਾਂ ਮੁਸਲਮਾਨ ਮਿਲਿਆ
ਯਾ ਖ਼ੁਦਾ, ਬੰਦਾ ਮਿਲਿਆ
ਨਾ ਕਿਤੇ ਇਨਸਾਨ ਮਿਲਿਆ

ਚੁੱਪ ਕਰ
ਕੁਝ ਨਾ ਬੋਲ
ਕੁਝ ਅਣਕਿਹਾ ਵੀ ਰਹਿਣ ਦੇ
ਸ਼ੀਸ਼ੇ ਦੇ ਮਕਾਨ ਵਿੱਚ ਰਹਿਣ ਦਾ
ਕੁਝ ਤਾਂ ਸਲੀਕਾ ਸਿੱਖ।

ਅਵਤਾਰਾਂ ਨੂੰ ਆਵਾਜ਼ ਕੇਹੀ
ਚੰਡੀ ਨੂੰ ਫ਼ਰਿਆਦ ਕੇਹੀ
ਕਿਸੇ ਨਹੀਂ ਆਉਣਾ ਇਸ ਧਰਤੀ ’ਤੇ
ਆਪੇ ਲੜਨਾ ਪੈਣਾ ਹੈ

ਲੜਾਈ ਸਿਰਫ ਉਹ ਨਹੀਂ ਹੁੰਦੀ
ਜੋ ਕੇਵਲ ਸਰਹੱਦਾਂ ’ਤੇ ਲੜੀ ਜਾਂਦੀ ਹੈ
ਕੁਝ ਲੜਾਈਆਂ ਮਨ ਦੇ
ਕੁਰਖ਼ੇਤਰ ਵਿਚ ਵੀ ਲੜੀਆਂ ਜਾਂਦੀਆਂ ਨੇ

ਕਿੰਨੇ ਸੰਤਾਲੀਆਂ
ਤੇ ਚੁਰਾਸੀਆਂ ਨੂੰ
ਵਾਜਾਂ ਦੇ ਰਹੇ ਹਾਂ
ਕਿੰਨੇ ‘ਮਾਸੂਮ’ ਹਾਂ
ਕਾਤਲਾਂ ਨੂੰ ਹਵਾ ਦੇ ਰਹੇ ਹਾਂ

ਸ਼ਬਦਾਂ ’ਤੇ ਪਹਿਰਾ
ਸਾਹਾਂ ’ਤੇ ਰੋਕ
ਹਾਸੇ ’ਤੇ ਰੋਕ
‘ਉਨ੍ਹਾਂ’ ਦਾ ਹੁਕਮ
ਬੋਲਣ ’ਤੇ ਰੋਕ

ਕੁੱਲ ਮਿਲਾ ਕੇ ਸੁਖਮਿੰਦਰ ਸੇਖੋਂ ਦੀ, ਡੇਢ ਦਰਜਨ ਸਾਹਿਤਕ ਪੁਸਤਕਾਂ ਤੋਂ



ਬਾਅਦ ਆਈ, ਇਹ ਪਲੇਠੀ ਕਾਵਿ-ਪੁਸਤਕ ਪ੍ਰੋੜ ਸ਼ਾਇਰੀ ਦਾ ਵਧੀਆ ਸੰਗ੍ਰਿਹ ਹੈ। ਇਹ ਪੁਸਤਕ ਹਰ ਪਾਠਕ ਨੂੰ ਪੜ੍ਹਨੀ ਚਾਹੀਦੀ ਹੈ। ਸਾਹਿਤ ਜਗਤ ਵਿੱਚ ਇਸਦਾ ਸਵਾਗਤ ਕਰਨਾ ਬਣਦਾ ਹੈ।

ਆਮੀਨ!

ਮੋਬਾਈਲ :- 98723-61424

◆◆◆

*ਰੇਡੀਓ ਨਾਟਕ*

## ਪਾਣੀ ਦੀ ਵਾਰੀ

**ਨਾਟਕਕਾਰ ਡਾ.ਬਲਕਰਨ ਸਿੰਘ ਭਾਗਸਰੀਆ**

ਇਹ ਇੱਕ ਰੇਡੀਓ ਨਾਟਕ ਹੈ ਜਿਹੜਾ ਮੁਹੰਮਦ ਇਮਤਿਆਜ਼ ਹੁਰਾਂ ਦੀ ਨਿਰਦੇਸ਼ਨਾ ਹੇਠ ਰੇਡੀਓ ਬਠਿੰਡਾ ਤੋਂ ਤਿੰਨ ਬਾਰ 23-9-27, 27-9-27,24-20-27 ਨੂੰ ਤੇ ਪਟਿਆਲੇ ਤੋਂ ਇੱਕ ਬਾਰ 29-1-28 ਨੂੰ ਪ੍ਰਸਾਰਿਤ ਹੋਇਆ। ਬੇਸ਼ਕ ਨਾਟਕ ਦਾ ਟਾਈਟਲ ਪਾਣੀ ਦੀ ਵਾਰੀ ਹੈ ਪਰ ਮੁੱਖ ਵਿਸ਼ੇ ਦੇ ਸਮਾਂਤਰ ਹੀ ਆਮ ਪੇਂਡੂ ਮਸਲੇ ਵੀ ਬਰਾਬਰ ਹੀ ਚਲਦੇ ਹਨ।

ਇਹ ਪੰਜਾਬ ਦੀ ਦਲਿਤ ਕਿਰਸਾਨੀ ਨੂੰ ਪੇਸ਼ ਕਰਦਾ ਹੈ। ਊਚ ਨੀਚ ਤੇ ਅਮੀਰੀ ਗਰੀਬੀ ਨਾਲ ਇਹ ਬਰਾਬਰ ਨਿਪਟਦਾ ਹੈ। ਸਾਡਾ ਸਮਾਜ ਤੇ ਖ਼ਾਸ ਕਰਕੇ ਪੇਂਡੂ ਤਬਕਾ ਹਮੇਸ਼ਾ ਹੀ ਜਾਤ ਪਾਤ ਤੇ ਆਰਥਿਕ ਨਾ-ਬਰਾਬਰੀ ਦੇ ਸ਼ਿਕਾਰ ਰਹੇ ਹਨ। ਨਾਟਕਕਾਰ ਨੇ ਨਾਟਕ ਦਾ ਸਬਜੈਕਟ ਠੀਕ ਹੀ ਚੁਣਿਆ ਹੈ ਚੂੰਕਿ ਅੱਜ ਵੀ ਪਿੰਡਾਂ ’ਚ ਅਜਿਹੇ ਮਾੜੇ ਹਾਲਾਤ ਦੇਖਣ ਨੂੰ ਮਿਲਦੇ ਹਨ।

ਨਾਟਕ ਵਿੱਚ ਵੱਡੇ-ਨਿੱਕੇ ਪਾਤਰ ਹਨ ਜੋ ਆਪਣੇ ਸੁਭਾਅ ਤੇ ਹਾਲਾਤ ਅਨੁਸਾਰ ਵਿਚਰਦੇ ਹਨ। ਕਰੈਕਟਰਜ਼ ਦੇ ਮੂੰਹੋਂ ਸੰਵਾਦ ਓਪਰੇ ਨਹੀਂ ਜਾਪਦੇ। ਪਾਠਕ ਨੂੰ ਪਾਤਰ ਵੀ ਨੇੜ ਤੇੜ ਦੇ ਲੱਗਦੇ ਹਨ ਤੇ ਘਟਨਾਵਾਂ ਆਪਣੇ ਆਲੇ ਦੁਆਲੇ ਹੀ ਵਾਪਰਦੀਆਂ ਪ੍ਰਤੀਤ ਹੁੰਦੀਆਂ ਹਨ। ਦੋ-ਇੱਕ ਸੰਵਾਦ ਦੇਖਿਆਂ ਹੀ ਬਣਦੇ ਹਨ:-

ਮਹਿਮਾ ਅਮਲੀ: ਆ ਆਉਂਦੀ ਗਿਆਨੋ ਬੁੜੀ, ਨੀ ਤਾਈਂ,ਸੁਣਾ ਕੋਈ ਜੱਗ ਬੀਤੀ, ਕੀ ਕਹਿੰਦੀ ਆ ਅੱਜ ਦੀ ਆਕਾਸ਼ਬਾਣੀ।

ਕਾਲਾ: ਬਾਪੂ ਇੱਕ ਪਾਸਾ ਕਰਨਾ ਹੈ ਪਊ ਅੱਜ ਫਿਰ ਮੇਰਾ ਪਾਣੀ ਸਰਦਾਰ ਨੇ ਲੱਗਣ ਨਹੀਂ ਦਿੱਤਾ।

ਉਪਰੋਕਤ ਤੱਥਾਂ ਦੀ ਰੌਸ਼ਨੀ ’ਚ ਸਪਸ਼ਟ ਹੈ ਕਿ ਨਾਟਕਕਾਰ ਡਾ. ਬਲਕਰਨ ਸਿੰਘ ਨੂੰ ਨਾਟਕ ਲੇਖਣ ਦੀ ਸੂਝ ਹੈ ਤੇ ਉਹ ਤਕਨੀਕੀ ਪੱਖਾਂ ਤੋਂ ਜਾਣੂੰ ਹੈ। ਇਸ ਆਧਾਰ ’ਤੇ ਉਸ ਤੋਂ ਹੋਰ ਵੀ ਸੂਖਮ ਤੇ ਕਲਾਤਮਕ ਨਾਟਕਾਂ ਉਮੀਦ ਰੱਖੀ ਜਾ ਸਕਦੀ ਹੈ।

**-ਸੁਖਮਿੰਦਰ ਸੇਖੋਂ**

**98145-07693**